ਹਰੜ ਆਦਿ ਇਕ ਬੀਜ ਵਾਲੇ ਹਨ । ਅਨਾਰ ਆਦਿ ਬਹੁਤ ਬੀਜ ਵਾਲੇ ਹਨ ।

2. ਗੁੱਛੇ—ਤੁਲਸੀ ਵਰਗੇ ਬੂਟੇ ਗੁੱਛੇ ਅਖਵਾਉਂਦੇ ਹਨ ।

3. ਗੁਲਮ—ਗੁਲਾਬ, ਕੇਵੜਾ ਆਦਿ ਫੁੱਲਾਂ ਦੇ ਝਾੜ ਗੁਲਮ ਹਨ ।

4. ਲਤਾ—ਜਮੀਨ ਤੇ ਫੈਲ ਕੇ ਉਪਰ ਨੂੰ ਜਾਣ ਵਾਲੇ ਅਨੇਕਾ ਵੇਲਾ ਵਾਲੀ ਅਸ਼ੋਕ ਲਤਾ ਆਦਿ ਦੇ ਝਾੜ ਲਤਾ ਹਨ ।

5. ਬਲੀ—ਤੋਰੀ, ਕਕੜੀ ਦੇ ਜਮੀਨ ਤੇ ਫੈਲੀਆਂ ਵੇਲਾਂ ਬੱਲੀ ਹਨ ।

6. ਤਰਿਣ—ਘਾਂਹ, ਦੁਭ ਆਦਿ ਘਾਹ ਤਰਿਣ ਹਨ ।

7. ਬੱਲਯਾ—ਦਰਖਤ ਉਪਰ ਵਲ ਗੋਲ ਅਕਾਰ ਹੋਵੇ ਬੇਲਿਆ ਹੈ ਜਿਵੇਂ ਸੁਪਾਰੀ ਖਜੂਰ, ਦਾਲ ਚੀਨੀ, ਇਲਾਇਚੀ, ਲੌਂਗ ।

8. ਪਵਯਾ—ਜਿਸ ਬਨਾਸਪਤੀ ਤੇ ਵਿਚਕਾਰ ਗਠਾ ਹੋਵੇ । ਜਿਵੇਂ ਗਨੀ, ਬਾਰਾਂ ਤੇ ਵੈਂਤ ਦੇ ਦਰਖਤ ।

9. ਕੁਹਣ—ਜੋ ਬੂਟੇ ਜਮੀਨ ਫੋੜ ਕੇ ਬਾਹਰ ਆਉਣ ਜਿਵੇਂ ਕੁਤੇ ਦਾ ਟੋਪ ਆਦਿ ਹੈ ।

10. ਜਲਬ੍ਰਿਖ—ਝਸਲਾ, ਸਿੰਘਾੜਾ ਆਦਿ ਪਾਣੀ ਵਿਚ ਉਤਪੰਨ ਹੋਣ ਵਾਲੇ ਜਲਬ੍ਰਿਖ ਹਨ ।

11. ਔਸ਼ਧਿ—ਇਸ ਵਿਚ 24 ਪ੍ਰਕਾਰ ਦੇ ਧਾਨ, ਦਾਲਾ ਸ਼ਾਮਲ ਹਨ ।

12. ਹਰਿਤ—ਜਿਸ ਦੇ ਪਤਿਆਂ ਦੀ ਭਾਜ਼ੀ ਬਣ ਸਕੇ ਜਿਵੇਂ ਮੂਲੀ, ਮੇਥੀ, ਬਾਥੂ,

ਇਹ ਸਭ ਪ੍ਰਤਯੇਕ ਬਨਾਸਪਤੀ ਦੇ ਭੇਦ ਹਨ ਇਹ ਜਦ ਤਕ ਹਰੇ ਰਹਿੰਦੇ ਹਨ ਉਸ ਵਿਚ ਅਸੰਖਿਅਤ ਜੀਵ ਪਾਏ ਜਾਂਦੇ ਹਨ । ਪਕ ਜਾਣ ਤੇ ਜਿੰਨੇ ਬੀਜ ਹੁੰਦੇ ਹਨ ਪਕੇ ਬੀਜ ਹੀ ਜੀਵ ਰਹਿੰਦੇ ਹਨ ।

**ਸਾਧਾਰਣ ਬਨਾਸਪਤੀ**

ਮੂਲੀ, ਅਦਰਕ, ਲੱਸਣ, ਪਿਆਜ, ਹਰ ਤਰਾਂ ਦਾ ਜਿਮੀਕੰਦ ਜੋ ਫੁੱਲ ਦੇ ਰੂਪ ਵਿਚ ਜ਼ਮੀਨ ਵਿਚ ਰਹਿੰਦੇ ਹਨ। ਸੂਈ ਦੀ ਨੋਕ ਤੇ ਵੀ ਸਧਾਰਣ ਬਨਾਸਪਤੀ ਦੇ ਛੋਟੇ ਟੁਕੜੇ ਵਿਚ ਨਿਗੋਦੀਆ ਜੀਵਾਂ ਦੀਆਂ ਅਸੰਖਿਆਤ ਸ਼੍ਰੇਣੀਆਂ ਹਨ ।

ਨਿਗੋਦੀਆ ਜੀਵ ਮਨੁੱਖ ਦੇ ਇਕ ਸਾਹ ਦੇ ਸਮੇਂ ਵਿਚ 17½ ਵਾਰ ਜਨਮ ਮਰਨ ਕਰਦਾ ਹੈ । 48 ਮਿੰਟ (ਇਕ ਮ਼ਹੂਰਤ) 65536 ਵਾਰ ਜਨਮ ਮਰਨ ਦਾ ਕਸ਼ਟ ਨਿਗੋਦ ਦੇ ਜੀਵ ਭੋਗਦੇ ਹਨ । ਸੋ ਸਾਰੇ ਸਥਾਵਰ ਤਰਿਅੰਚ ਜੀਵ ਦੇ 22 ਭੇਦ ਹਨ ।

## ਤਰੱਸ ਕਾਇਆ

ਇਸ ਤਰੱਸ ਜੀਵਾਂ ਦੀ ਉਤਪਤੀ ਦੇ 8 ਸਥਾਨ ਹਨ

1) ਅੰਡਜ—ਅੰਡੇ ਤੋਂ ਉਤਪੰਨ ਹੋਣ ਵਾਲੇ ।

2) ਪੋਤਜ਼—ਜਨਮ ਤੋਂ ਬਾਅਦ ਹੀ ਚਲਣ ਫਿਰਨ ਵਾਲੇ ਹਾਥੀ ਆਦਿ ਜੀਵ।

3) ਜੇਰਜ਼ਾ—ਜੇਰ ਤੋਂ ਉਤਪੰਨ ਹੋਣ ਵਾਲੇ ਗਊ, ਮਨੁੱਖ ਪ੍ਰਾਣੀ।

4) ਰਸ਼ਜ—ਰਸ ਤੋਂ ਉਤਪੰਨ ਹੋਣ ਵਾਲੇ ਕੀੜੇ।

5) ਸੰਸਵੇਦਜ—ਪਸੀਨੇ ਤੋਂ ਉਤਪੰਨ ਹੋਣ ਵਾਲੇ ਜੂੰ ਆਦਿ ਜ਼ੀਵ।

6) ਸਮੁਰਛਿਮ—ਬਿਨਾਂ ਮਾਤਾ ਪਿਤਾ ਦੇ ਮੇਲ ਤੋਂ ਪੈਦਾ ਹੋਣ ਵਾਲੇ ਪ੍ਰਾਣੀ। ਇਧਰ ਉਧਰ ਦੇ ਪੁਦਗਲ ਵੀ ਮੱਖੀ ਆਦਿ ਜੀਵਾਂ ਨੂੰ ਜਨਮ ਦਿੰਦੇ ਹਨ।

7) ਉਦਭਿਜ—ਜ਼ਮੀਨ ਫੋੜ ਕੇ ਪੈਦਾ ਹੋਣ ਵਾਲੇ ਪੰਤਗੇ ਆਦਿ।

8) ਔਪਾਪਤਿਕ—ਉਪਪਾਤ ਸੈਯਾ (ਦੇਵਤਿਆ ਦੀ ਉਤਪਤੀ ਆਸਨ) ਅਤੇ ਨਾਰਕੀ, ਖ਼ੱਡਾਂ ਦੇ ਜੀਵ।

### **ਤਰੱਸ ਜੀਵਾਂ ਦੇ ਲੱਛਣ** (ਵੇਖੋ ਚਿੱਤਰ ਨੰ. 2)

1) ਸਾਮਣੇ ਆਉਣਾ 2) ਪਿਛੇ ਹਟਨਾ 3) ਸਰੀਰ ਨੂੰ ਸਿਕੋੜਨਾ 4) ਸਰੀਰ ਫੈਲਾਉਣਾ 5) ਬੋਲਨਾ ਜਾਂ ਰੋਣਾ 6) ਡਰਨਾ 7) ਦੁੱਖ ਕਸ਼ਟ ਪਾਉਣਾ 8) ਦੋੜਨਾ 9) ਆਵਾਗਮਨ ਕਰਨਾ। ਇਹ ਲੱਛਣ ਤਰੱਸ ਜੀਵ ਦੀ ਪਛਾਣ ਹਨ।

## ਤਰੱਸ ਕਾਇਆ ਦੇ ਜੀਵ

### ਤਰੱਸ ਤਰਿਅੰਚ ਦੇ 26 ਭੇਦ ਹਨ

**ਦੋ ਇੰਦਰੀਆਂ ਵਾਲੇ**—ਸੰਖ, ਸੀਪੀ, ਕੋਡੀ ਕਿਰਮ ਜਿਸ ਵਿਚ ਸ਼ਪਰਸ ਅਤੇ ਰਸਨਾ ਇੰਦਰੀਆਂ ਹਨ ਇਨ੍ਹਾਂ ਦੇ ਪਰਿਆਪਤ ਅਤੇ ਅਪਰਿਆਪਤ ਦੋ ਭੇਦ ਹਨ।

**ਤਿੰਨ ਇੰਦਰੀਆਂ ਵਾਲੇ**—ਜੂੰ, ਲੀਖ. ਖੱਟਮਲ, ਦੀਮਕ, ਮਕੌੜ, ਸਰੀਰ, ਮੂੰਹ, ਨੱਕ ਆਦਿ ਤਿੰਨ ਖਿੰਦਰੀਆਂ ਹੋਣ ਉਹ ਇਸ ਸ਼ਰੇਣੀ ਵਿਚ ਆਉਂਦੇ ਹਨ। ਇਹ ਵੀ ਪਰਿਆਪਤ ਅਤੇ ਅਪਰਿਆਪਤ ਦੋ ਪ੍ਰਕਾਰ ਦੇ ਹਨ।

**ਚਾਰ ਇੰਦਰੀ ਵਾਲੇ**--ਮੱਛਰ, ਮੱਖੀ, ਟਿੱਡੀ, ਮੱਕੜੀ ਆਦਿ ਇਸ ਵਿਚ ਸ਼ਾਮਲ ਹਨ। ਇਹ ਚਾਰ ਇੰਦਰੀ ਹਨ 1) ਕੰਨ 2) ਮੂੰਹ 3) ਨੱਕ 4) ਅੱਖ
ਇਹ ਤਰੱਸ ਦੇ ਪਰਿਆਪਤ ਅਤੇ ਅਪਰਿਆਪਤ ਦੋ ਭੇਦ ਹਨ।

### ਪੰਜ ਇੰਦਰੀ ਤਰੱਸ ਦੇ 20 ਭੇਦ ਹਨ

1) ਜਲਚਰ—ਪਾਣੀ ਵਿਚ ਰਹਿਣ ਵਾਲੇ ਮੱਛੀ ਆਦਿ ਜੀਵ, ਇਸਦੇ ਚਾਰ ਭੇਦ ਹਨ 1) ਸੰਗੀ 2) ਅਸੰਗੀ 3) ਪਰਿਆਪਤ 4) ਅਪਰਿਆਪਤ

2) ਸੱਥਲ ਚਰ—ਜ਼ਮੀਨ ਤੇ ਰਹਿਣ ਵਾਲੇ ਜੀਵ। ਇਨਾ ਦੇ ਚਾਰ ਭੇਦ ਹਨ ਇਹ ਘੋੜੇ ਗੰਧ ਇਕ ਖੁਰ ਵਾਲੇ ਹਨ ਦੋ ਖੁਰ ਵਾਲੇ ਵਿਚ ਗਾਂ, ਬਕਰਾ ਸ਼ਾਮਲ ਹਨ। ਪੰਜੇ ਵਾਲੇ ਸ਼ੇਰ, ਚੀਤੇ ਸਣੀਪਦ ਹਨ।

3) ਖੇਚਰ-ਅਕਾਸ਼ ਵਿਚ ਉਡਨ ਵਾਲੇ ਜੀਵ—ਇਨਾਂ ਦੇ ਵੀ ਪਹਿਲਾਂ ਦਸੇ ਚਾਰ

ਭੇਦ ਪ੍ਰਮੁਖ ਹਨ

ੳ) ਰੋਮ ਪੰਛੀ—ਤੋਤਾ ਮੈਨਾ।

ਅ) ਚਰਮ ਪੰਚੀ—ਚਮਗਿਦੜ ਆਦਿ ਚਮੜੇ ਦੇ ਫੰਗਾਂ ਵਾਲੇ।

ੲ) ਸਾਮੰਤ ਪੰਛੀ—ਗੋਲ ਫੰਗਾਂ ਵਾਲੇ ਹਨ।

ਸ) ਵਿਤੱਤ ਪੰਛੀ—ਬਚਿਤਰ ਫੰਗਾਂ ਵਾਲੇ ਹਨ।

4) ਉਰਿਸਰੱਪ—ਦਿਲ ਦੇ ਸਹਾਰੇ ਚਲਣ ਵਾਲੇ ਸੱਪ ਆਦਿ ਪ੍ਰਾਣੀ ਇਨਾਂ ਦੇ ਪਹਿਲਾਂ ਦਸੇ ਚਾਰ ਭੇਦ ਹਨ :

ੳ) ਅਹਿਸਰਪ : ਕਈ ਸਪ ਫਨ ਵਾਲੇ ਅਤੇ ਕਈ ਬਿਨਾਂ ਫਨ ਤੋਂ ਹੁੰਦੇ ਹਨ।

ਅ) ਅਜਗਰ : ਜੋ ਮਨੁੱਖ ਨੂੰ ਨਿਗਲ ਜਾਂਦੇ ਹਨ :

ੲ) ਅਲਸੀਆ।

ਸ) ਮਹੋਰਗ : ਲੰਬੇ ਸਰੀਰ ਵਾਲੇ।

5) ਭੁਜਿਪਰਿਸਰਪ—ਭੁਜਾਵਾਂ ਦੇ ਸਹਾਰੇ ਚਲਣ ਨਾਲੇ ਚੂਹੇ, ਨੇਵਲੇ ਇਸ ਵਿਚ ਸ਼ਾਮਲ ਹਨ। ਜਿਨਾਂ ਜੀਵਾਂ ਦੇ ਇੰਦਰੀਆ ਅਧੂਰੀਆ ਹਨ ਉਹ ਵਿਕਲ ਇੰਦਰੀ ਅਖ-ਵਾਉਂਦੇ ਹਨ।

## ਮਨੁਖ ਦੇ 303 ਭੇਦ

ਜੈਨ ਧਰਮ ਅਨੁਸਾਰ ਮਨੁੱਖ ਦੇ 303 ਭੇਦ ਹਨ। ਇਨ੍ਹਾਂ ਵਿਚੋਂ ਗਰਭ ਮਨੁੱਖ ਦੇ 101 ਭੇਦ ਹਨ, ਜੋ 15 ਕਰਮ ਭੂਮੀ, 30 ਅਕਰਮ ਭੂਮੀ 56 ਅੰਤਰ ਦੀਪ ਵਿਚ ਪੈਦਾ ਹੁੰਦੇ ਹਨ। ਇਨ੍ਹਾਂ ਗਰਭ ਤੋਂ ਪੈਦਾ ਹੋਣ ਵਾਲੇ ਮਨੁਖ ਦੇ ਪਰਿਆਪਤ ਅਤੇ ਅਪਰਿਆਪਤ ਦੋ ਭੇਦ ਹੋ ਕੇ 202 ਭੇਦ ਹੋ ਜਾਂਦੇ ਹਨ ਇਨ੍ਹਾਂ 101 ਪ੍ਰਕਾਰ ਦੇ ਗਰਭ ਵਿਚੋਂ ਪੈਦਾ ਹੋਣ ਵਾਲੇ ਗੰਦ, ਮੈਲ, ਮਲਮੂਤਰ ਆਦਿ14 ਪ੍ਰਕਾਰ ਦੇ ਮੈਲਾਂ ਤੋਂ ਉਤਪੰਨ ਹੋਣ ਵਾਲੇ ਸਮੁਰਛਿਮ ਮਨੁੱਖ ਵੀ ਹਨ ਜੋ ਅਪਰਿਆਪਤ ਅਵਸਥਾਂ ਵਿਚ ਹੀ ਮਰ ਜਾਂਦੇ ਹਨ। ਇਨ੍ਹਾਂ ਦੇ 101 ਭੇਦ ਹਨ। ਸੋ ਮਨੁੱਖ ਦੇ 303 ਭੇਦ ਹਨ।

ਕਰਮ ਭੂਮੀ ਤੋਂ ਭਾਵ ਹੈ ਜਿਥੇ ਲੋਕ ਖੇਤੀ, ਹਥਿਆਰ, ਲੇਖ ਵਿਉਪਾਰ ਆਦਿ ਕੰਮ ਕਰਕੇ ਜੀਵਨ ਗੁਜਾਰਨ। ਇਹ ਪੰਜ ਕਰਮ ਭੂਮੀਆਂ ਹਨ

1) ਪੰਜ ਭਰਤ (ਇਕ ਜੰਬੂ ਦੀਪ ਦਾ, ਦੋ ਧਾਤਕੀ ਖੰਡ, ਅੱਧਾ ਪੁਸ਼ਕਰ ਅਰਧ ਦੀਪ) ਪੰਜ ਏਰਾਵਤ ਅਤੇ ਪੰਜ ਮਹਾ ਵਿਦੇਹ।

ਜਿਥੇ ਕਰਮ ਨਹੀਂ, ਸਗੋਂ ਕਲਪ ਬ੍ਰਿਖਾਂ ਨਾਲ ਲੋਕ ਨਿਰਵਾਹ ਕਰਦੇ ਹਨ। ਉਹ ਅਕਰਮ ਭੂਮੀ ਹੈ। ਇਹ ਅਕਰਮ ਭੂਮੀ 35 ਹਨ।

## ਸਮਰੁਛਿਮ ਜੀਵਾਂ ਦੀ ਉਤਪਤੀ ਦੇ ਸਥਾਨ

1) ਵਿਸ਼ਠਾ 2) ਮੂਤਰ 3) ਬੱਲਗਮ 4) ਨੱਕ ਦਾ ਮੈਲ 5) ਵਮਨ (ਉਲਟੀ) 6) ਪਿਤ 7) ਪੀਕ 8) ਖੂਨ 9) ਵੀਰਜ 10) ਸੁਕੇ ਵੀਰਜ ਦੇ ਫੇਰ ਗਿਲੇ

ਹੋਏ ਪੁਦਗਲ 11) ਮੁਰਦੇ ਦਾ ਸ਼ਰੀਰ 12) ਇਸਤਰੀ ਪੁਰਸ਼ ਦਾ ਸੰਭੋਗ 13) ਗੰਦੀਆਂ ਨਾਲੀਆਂ 14) ਸਾਰੇ ਗੰਦੇ ਸਥਾਨ। ਇਨ੍ਹਾਂ 14 ਸਥਾਨਾਂ ਵਿਚ ਸਮੁਰਛਿਮ ਮਨੁੱਖ ਦੇ ਸਰੀਰ ਅਸੰਖਿਆਤ ਪੈਦਾ ਹੋਣ ਸਾਰ ਹੀ ਮਰ ਜਾਂਦੇ ਹਨ। ਇਨ੍ਹਾਂ ਜੀਵਾਂ ਦੇ ਸਪਰਸ਼ ਨਾਲ ਅਨੇਕਾ ਜੀਵ ਵੀ ਮਰ ਜਾਂਦੇ ਹਨਇਨਾਂ ਜੀਵਾਂ ਦੀ ਉਤਪਤੀ ਕੇਵਲ ਗਿਆਨ ਹੀ ਜਾਣਦੇ ਹਨ।

## ਜੀਵਾ ਦਾ ਜਨਮ ਅਤੇ ਜੀਵ ਦੀਆਂ ਵਿਸ਼ੇਸਤਾਵਾਂ

ਜੀਵਾਂ ਦੀਆਂ ਪਰਿਆਪਤ, ਪ੍ਰਾਣ, ਸਥਿਤੀ, ਕਾਈਆ ਸਥਿਤੀ, ਯੋਗ ਉਪਯੋਗ, ਲੇਸ਼ਿਆ ਇਹ ਵਿਸ਼ੇਸ਼ਤਾਵਾਂ ਹਨ ਜੋ ਜੜ ਪਦਾਰਥ ਵਿਚ ਨਹੀਂ ਮਿਲਦੀਆਂ।

## ਪਰਿਆਪਤ (ਸ਼ਕਤੀ)

ਪਰਿਆਪਤੀਆਂ ਛੇ ਹਨ : 1) ਅਹਾਰ 2) ਸਰੀਰ 3) ਇੱਦਰੀ 4) ਸਵਾਸੋ ਸਵਾਸ 5) ਭਾਸ਼ਾ 6) ਮਨ।

## ਸੁਖਮ ਸ਼ਰੀਰ ਅਤੇ ਪਰਿਆਪਤੀ

ਜਦ ਜੀਵ ਇਕ ਸਰੀਰ ਤੋਂ ਦੂਸਰੇ ਸਰੀਰ ਨੂੰ ਆਪਣੇ ਕਰਮ ਅਨੁਸਾਰ ਅਤੇ ਜੂਨ ਅਨੁਸਾਰ ਪੈਦਾ ਹੁੰਦਾ ਹੈ ਤਾਂ ਉਹ ਆਉਂਦੇ ਹੀ ਉਹ ਭੋਜਨ ਰੂਪ ਅਹਾਰ ਦੇ ਪੁਦਗਲ ਗ੍ਰਹਿਣ ਕਰਦਾ ਹੈ। ਪੂਰਵ ਜਨਮ ਤੋਂ ਹੀ ਆਤਮਾ ਦੇ ਨਾਲ ਜੁੜੇ ਦੋ ਸੁਖਮ ਸਰੀਰ. **ਤੇਜਸ** ਅਤੇ **ਕਾਰਮਣ** ਵੀ ਲੈ ਆਉਂਦਾ ਹੈ। ਆਤਮਾ ਨਿਰਾਕਾਰ ਹੋਣ ਕਾਰਣ ਇਨ੍ਹਾਂ ਸ਼ਰੀਰ ਦੇ ਆਸਰੇ ਜਨਮ ਦੀ ਕ੍ਰਿਆ ਪੂਰੀ ਕਰਦੀ ਹੈ। ਮਰਨ ਤੋਂ ਬਾਅਦ ਇਹ ਸਰੀਰ ਨਾਲ ਹੀ ਚਲਦੇ ਹਨ। ਇਹ ਅਵਸਥਾ ਅਰਿਹੰਤ ਅਵਸਥਾ ਤਕ ਰਹਿੰਦੀ ਹੈ। ਸਿੱਧ ਗਤੀ ਵਿਚ ਜਾ ਕੇ ਇਨ੍ਹਾਂ ਸੁਖਮ ਸਰੀਰਾਂ ਤੋਂ ਛੁਟਕਾਰਾ ਹੁੰਦਾ ਹੈ। ਤੇਜਸ ਸਰੀਰ ਦਾ ਕੰਮ ਖਾਦੇ ਭੋਜਨ ਨੂੰ ਪਚਾਉਣਾ ਹੈ। ਇਹ ਸਰੀਰ ਭੋਜਨ ਨੂੰ ਪਚਾ ਕੇ ਰਸ, ਖੂਨ ਆਦਿ ਰਾਹੀਂ ਸਰੀਰ ਦਾ ਨਿਰਮਾਨ ਕਰਦਾ ਹੈ, ਇਸ ਵਿਚ ਤੇਜਸਵੀ ਪੁਦਗਲਾਂ ਨਾਲ ਇੰਦਰੀਆਂ ਦਾ ਨਿਰਮਾਨ ਕਰਦਾ ਹੈ। ਹਰ ਵੇਲੇ ਭੋਜਨ ਗ੍ਰਹਿਣ ਕਰਕੇ, ਸਰੀਰ ਵਿਚ ਵਾਧਾ ਕਰਕੇ ਅਤੇ ਇੰਦਰੀਆਂ ਨੂੰ ਮਜਬੂਤ ਕਰਨ ਦਾ ਕੰਮ ਜਾਰੀ ਰਹਿੰਦਾ ਹੈ ਅਤੇ ਮਹੂਰਤ ਵਿਚ ਸਰੀਰ ਤੇ ਇੰਦਰੀਆਂ ਤਿਆਰ ਹੋ ਜਾਂਦੀਆਂ ਹਨ ਫ਼ੇਰ ਸਾਹ ਦੇ ਪੁਦਗਲ ਗ੍ਰਹਿਣ ਕਰਕੇ ਸ਼ਵਾਸੋ ਸਵਾਸ ਦੀ ਸ਼ਕਤੀ ਪੈਦਾ ਕਰਦਾ ਹੈ। ਬਾਹਰਲਾ ਸਰੀਰ ਔਦਾਰਿਕ ਹੈ। ਵੇਕਾਰਿਆ ਸਰੀਰ ਵਿਸ਼ੇਸ਼ ਗਿਆਨੀਆਂ ਤੇ ਦੇਵਤਿਆਂ ਕੋਲ ਹੁੰਦਾ ਹੈ। ਅਹਾਰਕ ਸਰੀਰ ਵੀ ਗਿਆਨ ਸ਼ਰੀਰ ਹੈ।

ਪੂਰਨ ਸ਼ਕਤੀਆਂ ਨੂੰ ਪਰਿਆਪਤੀ ਆਖਦੇ ਹਨ।

ਇਕ ਇੰਦਰੀਆਂ ਤਕ ਦੇ ਸਾਰੇ ਜੀਵਾਂ ਨੂੰ ਇਹ 4 (ਪਰਿਆਪਤੀ) ਸ਼ਕਤੀਆਂ ਪ੍ਰਾਪਤ ਹਨ। ਦੋ ਇੰਦਰੀਆਂ ਵਾਲੇ ਜੀਵਾਂ ਦੇ ਰਸਨਾ ਹੁੰਦੀ ਹੈ ਉਹ ਭਾਸ਼ਾ ਦੇ ਪੁਦਗਲ ਧਾਰਨ ਕਰਕੇ ਭਾਸ਼ਾ ਦੀ ਸ਼ਕਤੀ ਪ੍ਰਾਪਤ ਕਰਦੇ ਹਨ। ਸੰਗੀ (ਵਿਕਸ਼ਤ ਮਨ ਵਾਲੇ) ਪੰਜ ਇੰਦਰੀ ਜੀਵ ਮਨ ਦੇ ਪੁਦਗਲਾਂ ਰਾਹੀਂ ਮਾਨਸਿਕ ਵਿਚਾਰ ਰਖ ਸਕਦੇ ਸਨ। ਇਸੇ ਪ੍ਰਕਾਰ ਇਹ 6

ਸ਼ਕਤੀਆਂ ਇਨ੍ਹਾਂ ਸ਼ਕਤੀਆਂ ਦੇ ਪੁਦਗਲਾਂ ਰਾਹੀਂ ਪ੍ਰਾਪਤ ਹੁੰਦੀਆਂ ਹਨ। ਪਰਿਆਪਤ ਜੀਵ ਆਪਣੇ ਪਰਿਆਪਤ ਨਾਮ ਕਰਮ ਦੇ ਉਦੇ (ਵੇਖੋ ਕਰਮਵਾਦ) ਨਾਲ ਸਾਰੀਆਂ ਸ਼ਕਤੀਆਂ (ਪਰਿਆਪਤੀਆਂ) ਪ੍ਰਾਪਤ ਕਰਦੇ ਹਨ। ਛੇ ਪਰਿਆਪਤੀ ਦਾ ਸ਼ੁਰੂ ਇਕੋ ਸਮੇਂ ਹੁੰਦੀ ਹੈ ਪਰ ਉਨ੍ਹਾਂ ਦੀ ਪੂਰਨਤਾ ਸਿਲਸਿਲੇ ਵਾਰ ਹੁੰਦੀ ਹੈ।

1) ਜਿਸ ਸ਼ਕਤੀ ਤੋਂ ਜੀਵ ਜਨਮ ਤੋਂ ਲੈ ਕੇ ਭੋਜਨ ਯੋਗ ਬਾਹਰੀ ਪੁਦਗਲ ਲੈਦਾ ਲੈਂਦਾ ਹੈ ਉਨਾਂ ਨੂੰ ਮਲ ਮੂਤਰ ਤੇ ਰਸ ਦੇ ਰੂਪ ਵਿਚ ਬਦਲਦਾ ਹੈ ਉਹ ਅਹਾਰ ਪਰਿ-ਆਪਤੀ ਹੈ।

2) ਜਿਸ ਸ਼ਕਤੀ ਤੋਂ ਜੀਵ ਰਸ ਰੂਪ ਤੋਂ ਪੈਦਾ ਭੋਜਨ ਨੂੰ ਰਸ, ਖੂਨ, ਮਾਸ, ਚਰਬੀ, ਹਡੀ, ਚਰਬੀ ਤੇ ਵੀਰਜ ਸਤ ਧਾਤਾਂ ਦੇ ਰੂਪ ਸ਼ਰੀਰ ਦਾ ਰੂਪ ਦਿੰਦਾ ਹੈ। ਉਹ ਅਹਾਰ ਪਰਿਆਪਤੀ ਹੈ।

3) ਜਿਸ ਸ਼ਕਤੀ ਤੋਂ ਜੀਵ ਸੱਤ ਧਾਤੂ ਰਾਹੀਂ ਪੈਦਾ ਭੋਜਨ ਨੂੰ ਇੰਦਰੀਆ ਰੂਪ ਵਿਚ ਬਦਲਦਾ ਹੈ ਉਹ ਇੰਦਰੀਆ ਪਰਿਆਪਤੀ ਹਨ।

4) ਜਿਸ ਸ਼ਕਤੀ ਨਾਲ ਜੀਵ ਸ਼ਵਾਸੋਸ਼ਵਾਸ ਦੇ ਯੋਗ ਪੁਦਗਲ ਨੂੰ ਸਵਾਸੋਸਵਾਸ ਵਿਚ ਗ੍ਰਹਿਣ ਕਰਦਾ ਤੇ ਛੱਡਦਾ ਹੈ ਉਹ ਸ਼ਵਾਸੋਸ਼ਵਾਸ ਪਰਿਆਪਤੀ ਹੈ।

5) ਜਿਸ ਸ਼ਕਤੀ ਨਾਲ ਜੀਵ ਭਾਸ਼ਾ ਦੇ ਯੋਗ ਭਾਸ਼ਾ ਵਰਗਨਾਂ ਦੇ ਪੁਦਗਲਾਂ ਨੂੰ ਲੈ ਕੇ ਉਨ੍ਹਾਂ ਨੂੰ ਭਾਸ਼ਾ ਦੇ ਰੂਪ ਵਿਚ ਬਦਲਦਾ ਹੈ ਉਹ ਭਾਸ਼ਾ ਪਰਿਆਪਤੀ ਹੈ।

6) ਜਿਸ ਸ਼ਕਤੀ ਜੀਵ ਮਨ ਦੇ ਯੋਗ ਮਨੋ ਵਰਗਨਾ ਦੇ ਪੁਦਗਲ ਗ੍ਰਹਿਣ ਕਰਕੇ ਉਨਾਂ ਨੂੰ ਮਨ ਦੇ ਰੂਪ ਵਿਚ ਬਦਲਦਾ ਹੈ ਉਹ ਮਨ ਪਪਿਆਪਤੀ ਹੈ।

## 10 ਪ੍ਰਾਣ

ਪ੍ਰਾਣ ਤੋਂ ਭਾਵ ਜੈਨ ਧਰਮ ਵਿਚ ਖਾਲੀ ਸਾਹ ਨਹੀਂ ਸਗੋਂ ਜੀਵਨ ਸ਼ਕਤੀ ਹੈ ਜਿਵੇਂ ਅੰਨੇ ਕੋਲ ਅੱਖ ਹੈ ਪਰ ਵੇਖਣ ਦੀ ਸ਼ਕਤੀ ਤੋਂ ਬਿਨਾਂ ਵੇਖ ਨਹੀਂ ਸਕਦਾ। ਇਹ ਪ੍ਰਾਣ ਸ਼ਕਤੀ ਦਸ ਪ੍ਰਕਾਰ ਦੀ ਹੈ :

1-5) ਪੰਜ ਇੰਦਰੀਆਂ ਦੀ ਸ਼ਕਤੀ। (ਸੁਣਨ, ਵੇਖਣ, ਸੁੰਘਣ. ਸਵਾਦ ਅਤੇ ਛੋਹਣ ਦੀ ਸ਼ਕਤੀ।

6-8) ਤਿੰਨ (ਮਨ, ਵਚਨ ਅਤੇ ਕਾਈਆ) ਯੋਗ (ਸੁਮੇਲ) ਸ਼ਕਤੀ। (ਵਿਚਾਰਨ, ਬੋਲਣ, ਹਿਲਨ ਅਤੇ ਚਲਣ ਦੀ ਸ਼ਕਤੀ।

9) ਸ਼ਵਾਸੋ ਸ਼ਬਾਸ। (ਸਾਹ ਲੈਣ ਦੀ ਸ਼ਕਤੀ)

10) ਆਯੁਸ਼ (ਉਮਰ)। (ਜਿਉਂਦੇ ਰਹਿਣ ਦੀ ਸ਼ਕਤੀ)

ਭਾਵੇਂ ਪ੍ਰਾਣ 10 ਹਨ ਪਰ ਹਰ ਜੀਵ ਕੋਲ 10 ਪ੍ਰਾਣ ਨਹੀਂ ਹਨ। ਇਕ ਇੰਦ-ਰੀਆਂ ਜੀਵਾਂ ਦੇ ਸਪਰਸ਼, ਉਛਵਾਸ, ਕਾਇਆ, ਆਯੁਸ਼ ਆਦਿ 4 ਪ੍ਰਾਣ ਹਨ। ਦੋ

ਇੰਦਰੀਆਂ ਨਾਲੇ ਜੀਵ ਰਸਨਾ ਤੇ ਵਚਨ ਯੋਗ ਕਾਰਣ 6 ਪ੍ਰਾਣਾ ਦੇ ਧਾਰਕ ਹਨ। ਤਿੰਨ ਇੰਦਰੀਆਂ ਵਾਲੇ ਜੀਵ ਪ੍ਰਾਣ ਕਾਰਣ 7 ਪ੍ਰਾਣਾ ਦੇ ਧਾਰਕ ਹਨ। ਚਾਰ ਇੰਦਰੀਆਂ ਵਾਲੇ ਜੀਵ ਅੱਖ ਹੋਣ ਕਾਰਣ 8 ਪ੍ਰਾਣਾ ਦੇ ਧਾਰਕ ਹਨ। ਪੰਜ ਇੰਦਰੀਆਂ ਵਾਲੇ ਸ਼ਰੋਤ (ਸੁਨਣ ਦੀ ਸ਼ਕਤੀ) ਹੋਣ ਕਾਰਣ 9 ਪ੍ਰਾਣਾ ਦੇ ਧਾਰਕ ਹਨ। ਪੰਜ ਇੰਦਰੀਆ ਵਾਲੇ ਸੰਗੀ ਜੀਵ ਮਨ ਸਮੇਤ 10 ਪ੍ਰਾਣਾ ਦੇ ਧਾਰਕ ਹਨ।

ਦੇਵਤੇ ਤੇ ਨਾਰਕੀ ਜੀਵ ਵੀ ਮਨ ਪਰਿਆਪਤੀ ਕਾਰਣ ਸੰਗੀ ਜੀਵ ਹੁੰਦੇ ਹਨ। ਮਨੁੱਖ ਤੇ ਪਸ਼ੂ ਯੋਨੀ ਵਿਚ ਕਈ ਜੀਵ ਅਜੇਹੇ ਹਨ ਜੋ ਅਵਿਕਸਤ ਮਨ ਕਾਰਣ ਅਸੰਗੀ ਹਨ।

## 84 ਲੱਖ ਜੂਨ

ਅਕਸਰ ਭਾਰਤੀ ਧਰਮ ਵਿਚ ਆਖਿਆ ਜਾਂਦਾ ਹੈ ਕਿ 84 ਲੱਖ ਜੂਨ ਤੋਂ ਬਾਅਦ ਮਾਨਵ ਦੇਹ ਮਿਲਦੀ ਹੈ। ਜੈਨ ਧਰਮ ਵਿਚ ਜੂਨ ਦਾ ਭਾਵ ਪੈਦਾ ਹੋਣ ਦੀ ਥਾਂ, ਇਕ ਤਰਾਂ ਦਾ ਰੂਪ, ਰਸ, ਗੰਧ, ਸਪਰਸ਼ ਵਾਲੇ ਪੁਦਗਲ ਹਨ। 84 ਲੱਖ ਜੂਨਾ ਦੀ ਗਿਣਤੀ ਜੈਨ ਗ੍ਰੰਥਾਂ ਵਿਚ ਇਸ ਪ੍ਰਕਾਰ ਹੈ :

| | |
|---|---|
| ਪ੍ਰਿਥਵੀ ਕਾਈਆ | 7 ਲੱਖ |
| ਅਪਕਾਈਆ | 7 ਲੱਖ |
| ਤੇਜਸ ਕਾਇਆ | 7 ਲੱਖ |
| ਵਾਯੂ ਕਾਇਆ | 7 ਲੱਖ |
| ਪ੍ਰਤੇਯੇਕ ਬਨਾਸਪਤੀ ਕਾਇਆ | 10 ਲੱਖ |
| ਸਧਾਰਣ ਬਨਾਸਪਤੀ ਕਾਇਆ | 14 ਲੱਖ |
| ਦੋ ਇੰਦਰੀਆ ਕਾਇਆ | 2 ਲੱਖ |
| ਤਿੰਨ ਇੰਦਰੀਆ ਕਾਇਆ | 2 ਲੱਖ |
| ਚਾਰ ਇੰਦਰੀਆ ਕਾਇਆ | 2 ਲੱਖ |
| ਪੰਜ ਇੰਦਰੀਆ ਤਰਿਅੰਚ | 4 ਲੱਖ |
| ਪੰਜ ਇੰਦਰੀਆ ਦੇਵਤੇ ਕਾਇਆ | 4 ਲੱਖ |
| ਪੰਜ ਇੰਦਰੀਆ ਨਾਰਕੀ ਕਾਇਆ | 4 ਲੱਖ |
| ਪੰਜ ਇੰਦਰੀਆ ਮਨੁੱਖ ਕਾਇਆ | 14 ਲੱਖ |

ਜੀਵਾਂ ਦੀ ਉਮਰ ਅਨੁਸਾਰ ਸਥਿਤੀ ਹੁੰਦੀ ਹੈ। ਸਰੀਰ ਦੇ ਪ੍ਰਮਾਣ (ਅਕਾਰ) ਨੂੰ ਅਵਗਾਹਨਾ ਆਖਦੇ ਹਨ।

ਜੀਵ ਵਾਰ ਵਾਰ ਮਰ ਕੇ ਫੇਰ ਉਸੇ ਗਤੀ ਵਿਚ ਵਾਰ ਵਾਰ ਜਨਮ ਲਵੇ. ਉਹ ਸਥਿਤੀ ਜਿਨੀ ਲੰਬੀ ਹੋਵੈ, ਉਹ ਕਾਇਆ ਸਥਿਤੀ ਹੈ। ਜੀਵਾਂ ਦੇ ਯੋਗ ਤੇ ਉਪਯੋਗ ਹੁੰਦਾ ਹੈ।

ਯੋਗ ਦਾ ਅਰਥ ਹੈ ਆਤਮ-ਵੀਰਜ ਦੀ ਸਹਾਇਤਾ ਨਾਲ ਮਨ, ਵਚਨ ਕਾਇਆ ਦੀ ਸ਼ਕਤੀ ਉਪਯੋਗ 12 ਪ੍ਰਕਾਰ ਦਾ ਹੈ ਜਿਸ ਵਿਚ 'ਪੰਜ ਪ੍ਰਕਾਰ ਦਾ ਗਿਆਨ, ਤਿੰਨ ਪ੍ਰਕਾਰ ਦਾ ਅਗਿਆਨ 4 ਪ੍ਰਕਾਰ ਦਾ ਦਰਸ਼ਨ ਸ਼ਾਮਲ ਹੈ 13-14ਵੇਂ ਗੁਣ ਸਥਾਨ ਵਿਚ ਕੇਵਲ ਗਿਆਨ ਅਤੇ ਕੇਵਲ ਦਰਸ਼ਨ ਸਿਧਾ ਵਿਚ ਪਾਏ ਜਾਂਦੇ ਹਨ।

## ਲੇਸ਼ਿਆ

ਇਹ ਜੈਨ ਧਰਮ ਦਾ ਆਪਣਾ ਸ਼ਬਦ ਹੈ।

ਲੇਸ਼ਿਆਂ ਬਾਰੇ ਸ੍ਰੀ ਉਤਰਾ ਧਿਆਨ ਸੂਤਰ ਵਿਚ ਬਹੁਤ ਸਪਸ਼ਟ ਵਰਨਣ ਹੈ। ਲੇਸ਼ਿਆ ਆਤਮਾ ਨੂੰ ਕਰਮ ਦੇ ਪੁਦਗਲ ਦਾ ਸੰਪਰਕ ਕਰਾਉਣ ਅਤੇ ਕਰਮ ਬੰਧ ਵਿਚ ਸਹਾਇਕ ਹੈ। ਲੇਸ਼ਿਆ ਕਾਰਣ ਆਤਮਾ ਕਰਮਾ ਨਾਲ ਚਿਪਕਦੀ ਹੈ। ਲੇਸ਼ਿਆ ਕਰਮ ਯੋਗ ਦੇ ਅੰਤਰਗਤ ਉਸ ਰੰਗ ਦੇ ਪੁਦਗਲਾ ਦੀ ਸਹਾਇਤਾ ਤੋਂ ਉਤਪੰਨ ਵਾਲਾ ਆਤਮਾ ਦਾ ਇਕ ਪਰਿਣਾਮ ਹੈ। ਜਿਵੇਂ ਚਿਤਰ ਕਾਰ ਗੁੰਦ ਆਦਿ ਚਿਕਨੇ ਪਦਾਰਥ ਰੰਗ ਨੂੰ ਸਥਿਰਤਾ ਪ੍ਰਦਾਨ ਕਰਦੇ ਹਨ ਉਸੇ ਪ੍ਰਕਾਰ ਲੇਸ਼ਿਆ ਕਰਮ ਬੰਧ ਦੀ ਅਵਸਥਾ ਨੂੰ ਸ਼ਕਤੀ-ਸ਼ਾਲੀ ਤੇ ਲੰਬਾ ਕਰਦੀ ਹੈ ਅਸ਼ੁਭ ਲੇਸ਼ਿਆ ਦਾ ਫਲ ਦੁਖਦਾਇਕ ਵਾਧਾ ਅਤੇ ਸ਼ੁਭ ਲੇਸ਼ਿਆ ਸੁਖ ਦਾ ਕਾਰਣ ਹੈ। ਲੇਸ਼ਿਆ ਲਈ ਅੱਜ ਕਲ ਦੀ ਔਰ (**Aura**) ਹੈ ਜਿਸ ਦਾ ਰੂਸੀ ਵਿਗਿਆਨਕਾਂ ਨੇ ਚਿਤਰ ਲਿਆ ਹੈ। ਜਿਸ ਨੂੰ ਆਭਾ ਮੰਡਲ ਵੀ ਆਖ ਸਕਦੇ ਹਾਂ।

## ਲੇਸ਼ਿਆ ਦਾ ਉਦਾਹਰਣ

ਲੇਸ਼ਿਆ ਨੂੰ ਸਮਝਣ ਲਈ ਜੈਨ ਗ੍ਰੰਥਾਂ ਵਿਚ ਇਸ ਦੀ ਸੁੰਦਰ ਉਦਾਹਰਨ ਪ੍ਰਾਪਤ ਹੁੰਦੀ ਹੈ।

6 ਮਨੁੱਖ ਜੰਗਲ ਵਿਚ ਗਏ,ਉਨਾਂ ਨੂੰ ਭੁਖ ਨੇ ਸਤਾਇਆ। ਉਨਾ ਮਨੁੱਖਾਂ ਨੇ ਜਾਮੁਨ ਫਲ ਨਾਲ ਲਦਿਆ ਦਰਖਤ ਵੇਖਿਆ। ਉਹ ਆਪਸ ਵਿਚ ਵਾਰਤਾਲਾਪ ਕਰਦੇ ਹਨ:

ਪਹਿਲਾ—ਦਰਖਤ ਨੂੰ ਜੜ ਤੋਂ ਪੁਟ ਦੇਵੋ ਫੇਰ ਆਰਾਮ ਨਾਲ ਫਲ ਤੋੜਾਂਗੇ। (ਇਹ ਵਾਕ ਕ੍ਰਿਸ਼ਨ ਲੇਸ਼ਿਆ ਵਾਲੇ ਦੇ ਹਨ ਜੋ ਅਸ਼ੁਭ ਲੇਸ਼ਿਆ ਹੈ)

ਦੂਸਰਾ—ਮੂਲ ਨੂੰ ਉਖਾੜਨ ਦੀ ਜਰੂਰਤ ਨਹੀਂ। ਮੋਟੇ ਮੋਟੇ ਟਾਹਣੇ ਤੋੜ ਕੇ ਫਲ ਖਾਣ ਵਿਚ ਫਾਇਦਾ ਹੈ। (ਨੀਲ ਲੇਸ਼ਿਆ)

ਤੀਸਰਾ—ਜਿਨਾਂ ਸ਼ਾਖਾਵਾਂ ਤੇ ਫਲ ਹਨ ਉਨਾਂ ਨੂੰ ਤੋੜ ਕੇ ਫਲ ਖਾ ਲਏ ਜਾਣ। (ਕਪੋਤ ਲੇਸ਼ਿਆ)

ਚੌਥਾ—ਜਾਮਨ ਦੇ ਦਰਖਤ ਦੇ ਗੁੱਛੇ ਤੋੜ ਲਵੋ ਅਤੇ ਫਲ ਖਾਵੋ। (ਤੇਜੋ ਲੇਸ਼ਿਆ)

ਪੰਜਵਾਂ—ਕੇਵਲ ਪਕੇ ਜਾਮਨ ਫਲ ਖਾਵੋ। (ਪਦਮ ਲੇਸ਼ਿਆ)

ਛੇਵਾਂ—ਜੋ ਫਲ ਪੱਕ ਕੇ ਗਿਰ ਗਿਆ ਹੈ ਉਸ ਨੂੰ ਚੁਕ ਕੇ ਹੀ ਖਾਵੋ। (ਸ਼ੁਕਲ)

ਇਹ 6 ਮਨ ਦੀਆਂ ਸਥਿਤੀਆਂ ਹਨ 6 ਲੇਸ਼ਿਆ ਵਾਲੇ ਇਸ ਸੰਸਾਰ ਵਿਚ ਪ੍ਰਾਣੀ ਹਨ। ਕ੍ਰਿਸ਼ਨ, ਨੀਲ. ਕਪੋਤ ਅਸ਼ੁਭ ਅਤੇ ਤੇਜ. ਪਦਮ. ਸ਼ੁਕਲ ਸ਼ੁਭ ਲੇਸ਼ਿਆਵਾਂ ਹਨ।

## 2. ਅਜੀਵ ਤੱਤਵ

ਅਜੀਵ ਪੰਜ ਹਨ (1) ਧਰਮ (2) ਅਧਰਮ (3) ਅਕਾਸ਼ (4) ਪੁਦਗਲ (5) ਕਾਲ। ਅਸੀਂ ਇਸ ਦਾ ਵਿਸਥਾਰ ਨਾਲ ਵਰਨਣ 6 ਦਰਵਾਂ ਵਿਚ ਕਰਾਂਗੇ।

## ਪੁੰਨ ਅਤੇ ਪਾਪ ਤੱਤਵ

ਜੋ ਆਤਮਾ ਨੂੰ ਪਵਿਤਰ ਕਰਦਾ ਹੈ ਉਹ ਪੁੰਨ ਹੈ ਜੋ ਆਤਮਾ ਨੂੰ ਅਪਵਿੱਤਰ ਕਰੇ, ਉਹ ਪਾਪ ਹੈ। ਸ਼ੁਭ ਕਰਮ ਪੁੰਨ ਹੈ ਅਸ਼ੁਭ ਕਰਮ ਪਾਪ ।

ਧਰਮ ਦੀ ਪ੍ਰਾਪਤੀ, ਸਮਿਅਕ (ਸੱਚੀ) ਸ਼ਰਧਾ, ਸੰਜਮ, ਮਨੁੱਖਤਾ ਦਾ ਵਿਕਾਸ ਪੁੰਨ ਕਾਰਣ ਹੀ ਹੁੰਦਾ ਹੈ।

ਪੁੰਨ ਮੁਕਤੀ ਰੂਪੀ ਲੋਕਾਂ ਲਈ ਯੋਗ, ਹਵਾ ਦਾ ਨਾਂ ਹੈ। ਅਰੋਗਤਾ, ਸੰਪਤੀ ਅਤੇ ਸੰਸਾਰਿਕ ਸੁਖ ਮਾਨ-ਸਨਮਾਨ ਪੁੰਨ ਕਰਮ ਦੇ ਪੁਦਗਲਾਂ ਕਾਰਣ ਹੀ ਮਿਲਦੇ ਹਨ।

ਆਤਮਾ ਦੀਆਂ ਅਨੇਕਾਂ ਵਿਰਤੀਆਂ ਹਨ। ਇਸ ਲਈ ਪੁੰਨ ਪਾਪ ਦੇ ਕਾਰਣ ਅਨ-ਗਿਣਤ ਹਨ ਫੇਰ ਵੀ ਕੁਝ ਪੁੰਨ ਤੇ ਪਾਪ ਦੇ ਭੇਦ ਅਸੀਂ ਹੇਠਾਂ ਦੇ ਰਹੇ ਹਾਂ। ਪੁੰਨ ਦੇ ਦੋ ਪ੍ਰਮੁੱਖ ਭੇਦ ਹਨ। (1) ਪੁੰਨਾ ਅਨੁਬੰਧੀ ਪੁੰਨ (2) ਪਾਪਾ ਅਨੁਬੰਧੀ। ਪੁੰਨ ਕਰਨ ਨਾਲ ਨਵਾਂ ਪੁੰਨ ਮਿਲੇ ਪੁੰਨ ਕਰਮ ਦਾ ਬੰਧ ਹੋਵੇ ਤਾਂ ਪੁੰਨਾ ਅਨੁਬੰਧੀ ਹੈ। ਇਸ ਦੇ ਉਲਟ ਨਵੇਂ ਪਾਪ ਦਾ ਬੰਧ ਹੋਵੇ ਉਹ ਪਾਪਾ ਅਨੁਬੰਧੀ ਪੁੰਨ ਹੈ। ਜਿਵੇਂ ਕੋਈ ਮਨੁਖ ਪੂਰਵ ਪੁੰਨ ਸਦਕਾ ਸਭ ਪ੍ਰਕਾਰ ਦੇ ਸੁਖ ਪ੍ਰਾਪਤ ਕਰਕੇ, ਆਤਮਹਿਤ ਸੋਚਦਾ ਹੋਈਆ ਧਰਮ ਕਰਦਾ ਹੈ ਉਹ ਪੁੰਨ ਅਨੁਬੰਧ ਪੁੰਨ ਹੈ। ਇਕ ਆਦਮੀ ਪਿਛਲੇ ਜਨਮ ਦੇ ਪੁੰਨ ਸਦਕਾ ਸੁਖ ਭੋਗ ਦਾ ਵਰਤਮਾਨ ਪਾਪ ਕਰਦਾ ਹੈ, ਉਹ ਪਾਪਾਂ ਨੂੰ ਬੰਧੀ ਪੁੰਨ ਹੈ।

## 34 ਪੁੰਨ ਤੇ ਕਰਮ ਦੇ ਭੇਦ

ਸ਼ੁਭ ਕਰਮਾਂ ਦੇ ਪ੍ਰਗਟ ਹੋਣ ਨਾਲ ਪੈਦਾ ਹੋਏ ਸ਼ੁਭ ਪੁਦਗਲ ਨੂੰ ਪੁੰਨ ਕਿਹਾ ਜਾਂਦਾ ਹੈ। ਪੁੰਨ ਕਰਮਾਂ ਪੈਦਾ ਹੋਣ ਦੇ ਨੌ ਕਾਰਣ ਪ੍ਰਮੁਖ ਹਨ। ਪੁੰਨ 42 ਪ੍ਰਕਾਰ ਨਾਲ ਭੋਗਿਆ ਜਾਂਦਾ ਹੈ।

(1) ਅੰਨ ਪੁੰਨ (2) ਪਾਣੀ ਦਾ ਪੁੰਨ (3) ਸਥਾਨ ਦਾ ਪੁੰਨ (4) ਸੌਣ ਲਈ ਯੋਗ ਫੱਟਾ ਆਦਿ ਦੇਣ ਦਾ ਪੁੰਨ (5) ਕਪੜੇ ਦਾ ਪੁੰਨ (6) ਮਨ ਪੁੰਨ (7) ਵਚਨ ਪੁੰਨ (8) ਕਾਇਆ ਪੁੰਨ (9) ਨਮਸਕਾਰ ਪੁੰਨ।

ਅੰਨ, ਪਾਣੀ, ਦਵਾਈ ਆਦਿ ਸੁਪਾਤਰ ਨੂੰ ਦਾਨ ਕਰਨਾਂ, ਠਹਿਰਣ ਲਈ ਯੋਗ ਜਗ੍ਹਾਂ ਦੇਣਾ ਅਤੇ ਮਨ ਵਿਚ ਸ਼ੁਭ ਭਾਵਨਾ ਰਖਣਾ, ਚੰਗੇ ਵਚਨ ਬੋਲਣਾ, ਸ਼ਰੀਰ ਰਾਂਹੀ ਸ਼ੁਭ ਕਰਮ ਕਰਨਾ, ਸੱਚੇ ਦੇਵ, ਗੁਰੂ ਤੇ ਧਰਮ ਨੂੰ ਨਮਸਕਾਰ ਕਰਨਾ। ਪੁੰਨ ਕਰਮ ਦਾ 9 ਪ੍ਰਕਾਰ ਨਾਲ ਕੀਤਾ ਜਾਂਦਾ ਹੈ।

ਇਹ ਨੌ ਕਾਰਣਾ ਕਾਰਣ ਪੁੰਨ ਪੈਦਾ ਹੁੰਦਾ ਹੈ। ਦਾਨ ਦੇਣ ਲਗੇ ਇਹ ਵੇਖਣਾ

ਜ਼ਰੂਰੀ ਹੈ ਕਿ ਦਾਨ ਲੈਣ ਵਾਲਾ ਤੇ ਦੇਣ ਵਾਲਾ ਸੁਪਾਤਰ ਹੋਵੇ। ਦੇਣ ਵਾਲੇ ਦੀ ਨੇਕ ਕਮਾਈ ਹੋਵੇ ਅਤੇ ਲੈਣ ਵਾਲਾ ਵੀ ਦਾਨ ਦਾ ਸੱਚਾ ਹੱਕ ਦਾਰ ਹੋਵੇ। ਕੁਪਾਤਰ ਦਾਨ ਮੁਕਤੀ ਦੇ ਰਾਹ ਵਿਚ ਰੁਕਾਵਟ ਬਣ ਸਕਦਾ ਹੈ।

## ਪਾਪ ਕਰਮ ਦੇ ਕਾਰਣ

ਪਾਪ ਵੀ ਪੁੰਨ ਦੀ ਤਰ੍ਹਾਂ ਦੋ ਪ੍ਰਕਾਰ ਦਾ ਹੈ—

ਪਾਪ ਕਰਮ ਪ੍ਰਗਟ ਕਰਨ ਵਾਲੇ ਅਠਾਰਾਂ ਅਸ਼ੁਭ ਕਾਰਣ ਹਨ, ਜੋ ਮਨੁੱਖ ਨੂੰ ਨਰਕ ਤੇ ਪਸ਼ੂ ਗਤੀ ਵਿਚ ਭਟਕਾਉਂਦੇ ਹਨ।

ਪਾਪ ਦੇ 18 ਕਾਰਣ ਇਸ ਪ੍ਰਕਾਰ ਹਨ

(1) ਹਿੰਸਾ (2) ਝੂਠ (3) ਚੋਰੀ (4) ਅਬ੍ਰਹਮਚਰਜ (ਚਾਰਿਤਰ ਹੀਣਤਾ) (5) ਪ੍ਰਿਗ੍ਰਹਿ (6) ਕਰੋਧ (7) ਮਾਨ (8) ਮਾਇਆ (ਧੋਖਾ) (9) ਲੋਭ (10) ਰਾਗ (ਲਗਾਵ) (11) ਦਵੇਸ਼ (ਨਫ਼ਰਤ) (12) ਕਲੇਸ਼ (13) ਅਵਿਆਖਿਆਨ (ਝੂਠਾ ਦੋਸ਼ ਲਾਉਣਾ) (14) ਚੁਗਲੀ ਕਰਨਾ (15) ਪਰਾਈ ਨਿੰਦਾ (16) ਰਤਿ ਅਰਤਿ (ਪਾਪ ਵਿਚ ਰੁਚਿ ਅਤੇ ਧਰਮ ਤੋਂ ਨਫਰਤ) (17) ਮਾਇਆ ਮਰਿਸ਼ਾਵਾਦ (ਧੋਖਾ ਕਰਕੇ ਬੋਲਣਾ) (18) ਮਿਥਿਆ ਸ਼ਲਯ ਦਰਸ਼ਨ (ਝੂਠੇ ਧਾਰਮਿਕ ਵਿਸ਼ਵਾਸ)। ਅਸ਼ੁਭ ਕਰਮ ਕਾਰਣ ਪ੍ਰਗਟ ਹੋਣ ਤੇ ਅਸ਼ੁਭ ਕਰਮ ਪੁਦਗਲ ਨੂੰ ਹੀ ਪਾਪ ਆਖਦੇ ਹਨ।

ਅਧਿਆਤਮਕ ਪਖੋਂ ਪੁੰਨ ਤੇ ਪਾਪ ਦੋਹੇ ਮੁਕਤੀ ਦੇ ਰਾਹ ਦੀ ਰੁਕਾਵਟ ਹਨ। ਇਕ ਸੋਨੇ ਦੀ ਜੰਜੀਰ ਹੈ ਦੂਸਰੀ ਲੋਹੇ ਦੀ ਜੰਜੀਰ। ਜੰਜੀਰ, ਜੰਜੀਰ ਹੈ। ਮੁਕਤੀ ਲਈ ਜੰਜੀਰ ਦੀ ਨਹੀਂ ਸਗੋਂ, ਆਤਮਿਕ ਆਜਾਦੀ ਦੀ ਜ਼ਰੂਰਤ ਹੈ। ਇਸ ਲਈ ਪਹਿਲਾ ਪਾਪ ਕਰਮ ਦੇ ਕਾਰਣ ਛਡ ਨੇ ਚਾਹਿਦੇ ਹਨ ਬਾਅਦ ਵਿਚ ਪੁੰਨ ਫਲ ਤੋਂ ਮੁਕਤੀ ਲਈ ਵੀਤਰਾਗ ਅਵਸਥਾ ਹੋਣੀ ਚਾਹੀਦੀ ਹੈ। ਜਦ ਨਵੇਂ ਕਰਮ ਪੁਦਗਲ ਘਟ ਜਾਂਦੇ ਹਨ। ਤਾਂ ਸ਼ੁਧ ਵੀਤਰਾਗੀ ਮੁਕਤੀ ਪ੍ਰਾਪਤ ਕਰ ਸਕਦਾ ਹੈ ਪ੍ਰਾਪਤ ਪੁੰਨ ਪਾਪ ਦੋਹਾਂ ਦੇ ਬੰਧਨਾਂ ਵਿਚ ਫਸੀਆ ਮਨੁੱਖ ਸ਼ੁਧ ਵੀਤਰਾਗ ਅਰਿਹੰਤ ਅਵਸਥਾ ਪ੍ਰਾਪਤ ਨਹੀਂ ਕਰ ਸਕਦਾ। ਇਹ 18 ਪਾਪ 82 ਪ੍ਰਕਾਰ ਨਾਲ ਜੀਵ ਭੋਗਦਾ ਹੈ।

## 5 ਆਸ਼ਰਵ

ਪੁੰਨ, ਪਾਪ ਰੂਪੀ ਕਰਮਾ ਦੇ ਆਉਣ ਦਾ ਦਰਵਾਜਾ ਹੀ ਆਸ਼ਰਵ ਹੈ। ਆਸ਼ਰਵ ਰਾਂਹੀ ਆਤਮਾ ਕਰਮਾਂ ਨੂੰ ਗ੍ਰਹਿਣ ਕਰਦੀ ਹੈ। ਦਿਗੰਵਰ ਫਿਰਕੇ ਵਿਚ ਪਾਪ ਤੇ ਪੁੰਨ ਨੂੰ ਆਸ਼ਰਵ ਵਿਚ ਸ਼ਾਮਲ ਕੀਤਾ ਗਿਆ ਹੈ।

ਮਨ, ਵਚਨ ਅਤੇ ਕਾਇਆ ਦਾ ਯੋਗ (ਸੁਮੇਲ) ਆਸ਼ਰਵ ਹੈ। ਜਿਵੇਂ ਪਾਣੀ ਆਉਣ ਦੀ ਨਾਲੀ ਹੁੰਦੀ ਹੈ ਉਸ ਨਾਲ ਨਾਲੀ ਰਾਂਹੀਂ ਪਾਣੀ ਆਉਦਾ ਰਹਿੰਦਾ ਹੈ। ਉਸੇ ਪ੍ਰਕਾਰ ਆਤਮਾ ਰੂਪੀ ਸਰੋਵਰ ਵਿਚ ਹਿੰਸਾ ਝੂਠ, ਆਦਿ ਪਾਪ ਦੇ ਕਰਮਾਂ ਦੇ ਕਾਰਣ ਦੀ ਨਾਲੀ

ਦਾ ਪਾਣੀ ਭਰਦਾ ਰਹਿੰਦਾ ਹੈ। ਆਤਮਾ ਵਿਚ ਕਰਮ ਆਉਣ ਦਾ ਦਰਵਾਜ਼ਾ ਆਸ਼ਰਵ ਹੈ। ਜਿਵੇਂ ਕਿਸ਼ਤੀ ਵਿਚ ਛੇਕ ਕਾਰਣ ਪਾਣੀ ਆਉਂਦਾ ਹੈ। ਉਸੇ ਪ੍ਰਕਾਰ ਮਨ, ਵਚਨ, ਕਾਇਆ ਯੋਗ ਅਤੇ ਕਸ਼ਾਏ ਕਾਰਣ ਕਰਮਾ ਦਾ ਆਗਮਨ ਹੁੰਦਾ ਹੈ।

ਮਨ, ਵਚਨ ਤੇ ਕਾਇਆ ਦੇ ਸ਼ੁਭ ਭਾਵ ਸ਼ੁਭ ਆਸ਼ਰਵ ਹੈ ਅਤੇ ਅਸ਼ੁਭ ਭਾਵ ਅਸ਼ੁਭ ਆਸ਼ਰਵ ਹੈ। ਆਸ਼ਰਵ ਦੋ ਪ੍ਰਕਾਰ ਦਾ ਹੈ। ਕਸ਼ਾਏ ਯੁਕਤ ਜੀਵਾਂ ਦਾ ਜੋ ਬੰਧ ਹੁੰਦਾ ਹੈ ਉਹ ਕਰਮ ਦੀ ਸਥਿਤੀ ਪੈਦਾ ਕਰਨ ਵਾਲਾ ਸੰਮਪਰਾਏਕ ਕਰਮ ਬੰਧ ਹੈ। ਕਸ਼ਾਏ ਰਹਿਤ ਵੀਤਰਾਗ ਜੀਵਾਂ ਦਾ ਜੋ ਕਰਮ ਬੰਧ ਹੈ ਉਹ ਏਰਿਆ ਪਥਿਕ ਹੈ। ਏਰਿਆ ਪਥੀਕ ਬੰਧ ਵਿਚ ਕਰਮ ਪਹਿਲੇ ਸਮੇਂ ਵਿਚ, ਜੀਵ ਆਤਮਾ ਦੇ ਨਾਲ ਲਗਦੇ ਹਨ ਅਤੇ ਦੂਸਰੇ ਸਮੇਂ ਝੜ ਜਾਂਦੇ ਹਨ।

## ਆਸ਼ਰਵ ਦੇ ਪੰਜ ਭੇਦ ਹਨ।

(1) ਮਿਥਿਆਤਵ (2) ਅਵਿਰਤਿ (3) ਪ੍ਰਮਾਦ (4) ਕਸ਼ਾਏ (5) ਯੋਗ (ਮਨ-ਵਚਨ ਤੇ ਕਾਇਆਂ।

- o ਮਿਥਿਆਤਵੀ, ਦੇਵ, ਗੁਰੂ ਤੇ ਧਰਮ ਤੋਂ ਉਲਟ ਸ਼ਰਧਾ ਕਰਨਾ, ਧਰਮ ਰਹਿਤ ਕੰਮ ਕਰਨਾ, ਨੌ ਤੱਤਵਾਂ ਤੇ ਸ਼ਰਧਾ ਨਾ ਰਖਣਾ ਦਾ ਨਾਂ ਹੈ।
- o ਤਿਆਗ ਨੂੰ ਛੱਡ ਕੇ, ਭੋਗ ਪ੍ਰਤੀ ਭੱਜਨਾਂ ਅਵਿਰਤੀ ਹੈ।
- o ਆਤਮ ਕਲਿਆਣ ਅਤੇ ਚੰਗੇ ਕਰਮਾਂ ਪ੍ਰਤੀ ਅਣਗਿਹਲੀ ਤੇ ਆਲਸ ਦਾ ਨਾਂ ਪ੍ਰਮਾਦ ਹੈ।
- o ਕਰੋਧ, ਮਾਨ ਮਾਇਆ ਤੇ ਲੋਭ ਵਿਚ ਲਗੇ ਰਹਿਣਾ ਕਸ਼ਾਏ ਹੈ।
- ੯ ਮਨ, ਵਚਨ ਤੇ ਕਾਇਆ ਦੀਆਂ ਸ਼ੁਭ ਅਤੇ ਅਸ਼ੁਭ ਵਿਉਪਾਰ ਯੋਗ ਹਨ।
- o ਹਿੰਸਾ ਤੋਂ ਪਰਿਗ੍ਰਹਿ ਤਕ ਪੰਜ ਪਾਪ।
- o ਪੰਜ ਇੰਦਰੀਆਂ ਦਾ ਅਸ਼ੁਭ ਕਰਮ ਵਿਚ ਲਗਣਾ।
- o ਵਸਤਰ ਪਾਤਰ ਆਦਿ ਵਸਤਾਂ ਨੂੰ ਠੀਕ ਪ੍ਰਕਾਰ ਨਾਲ ਰਖਣਾ।
- o ਸੂਈ, ਘਾਹ ਦਾ ਵਿਛੋਨਾ ਠੀਕ ਪ੍ਰਕਾਰ ਨਾਲ ਗ੍ਰਹਿਣ ਕਰਨਾ।

ਕਾਈਕੀ ਆਦਿ 25 ਕ੍ਰਿਆਵਾਂ ਵੀ ਆਸ਼ਰਵ ਅਤੇ ਕਰਮ ਬੰਧ ਹਨ ਸੋ ਇਨ੍ਹਾਂ ਤੋਂ ਬਚਨਾ ਜ਼ਰੂਰੀ ਹੈ।

## 6 ਸੰਬਰ

ਕਰਮ ਆਉਣ ਦੇ ਦਰਵਾਜੇ ਨੂੰ ਰੋਕਣਾ (ਨਿਰੋਧ) ਹੀ ਸੰਬਰ ਹੈ, ਆਸ਼ਰਵ ਦਾ ਵਿਰੋਧੀ ਸੰਬਰ ਹੈ। ਆਸ਼ਰਵ ਕਰਮ ਰੂਪੀ ਪਾਣੀ ਦੇ ਆਉਣ ਦੀ ਨਾਲੀ ਦੇ ਸਮਾਨ ਹੈ। ਇਸ ਕਰਮ ਰੂਪੀ ਨਾਲੀ ਦਾ ਬੰਦ ਕਰਨ ਦਾ ਨਾਂ ਸੰਬਰ ਹੈ।

ਸੰਬਰ ਦੀ ਕ੍ਰਿਆ ਪ੍ਰਗਟ ਹੋਣ ਨਾਲ ਨਵੇਂ ਕਰਮਾਂ ਦਾ ਆਉਣਾ ਬੰਦ ਹੋ ਜਾਂਦਾ ਹੈ।

ਸੰਬਰ ਦੇ ਮੁਖ ਦੋ ਭੇਦ ਹਨ 1) ਦਰਵ ਸੰਬਰ 2) ਭਾਵ ਸੰਬਰ

ਕਰਮ ਪੁਦਗਲ ਨੂੰ ਗ੍ਰਹਿਣ ਕਰਕੇ ਰੋਕਣਾ ਜਾਂ ਖਤਮ ਕਰਨਾ ਦੱਰਵ ਸੰਬਰ ਹੈ।

ਸੰਸਾਰ ਦੇ ਕਾਰਣ ਕ੍ਰਿਆਵਾਂ ਦਾ ਤਿਆਗ ਕਰਕੇ ਆਤਮਾ ਨੂੰ ਆਤਮਾ ਵਿਚ ਲਾਉਣਾ ਹੀ ਭਾਵ ਸੰਬਰ ਹੈ।

**ਤੱਤਵ ਪਖੋਂ ਸੰਬਰ ਦੇ ਪੰਜ ਭੇਦ ਹਨ :**

ਸਮਿੱਕਤਵ—ਜੀਵ ਅਜੀਵ ਆਦਿ 9 ਤੱਤਵਾਂ ਪ੍ਰਤੀ ਸੱਚੀ ਸ਼ਰਧਾ ਕਰਕੇ ਗਲਤ ਮਾਨਤਾਵਾਂ ਦਾ ਤਿਆਗ ਕਰਨਾ ਹੀ ਸਮਿਅਕਤਵ ਹੈ।

ਵਿਰਤ—18 ਪ੍ਰਕਾਰ ਦੇ ਪਿਛੇ ਦਸੇ ਪਾਪਾਂ ਦਾ ਤਿਆਗ ਕਰਨਾ। ਪੰਜ ਪ੍ਰਮੁਖ ਪਾਪਾ ਤੋਂ ਆਤਮਾ ਨੂੰ ਰੋਕਣਾ।

ਅਪ੍ਰਮਾਦ—ਧਰਮ ਪ੍ਰਤੀ ਉਤਸ਼ਾਹ ਹੋਣਾ ਅਤੇ ਧਰਮ ਕਰਮ ਪ੍ਰਤੀ ਅਣਗਹਿਲੀ ਨਾ ਰਖਣਾ।

ਅਕਸ਼ਾਏ—ਕਰੋਧ ਆਦਿ ਚਾਰ ਕਸ਼ਾਏ ਦਾ ਖਾਤਮਾ ਜਾਂ ਘੱਟ ਹੋਣਾ।

ਯੋਗ—ਮਨ, ਬਚਨ ਤੇ ਕਾਇਆ ਦੀਆਂ ਸ਼ੁਭ ਅਤੇ ਅਸ਼ੁਭ ਵਿਰਤੀਆਂ ਨੂੰ ਰੋਕਣਾ।

ਇਹ ਸੰਬਰ ਦੇ ਮੁੱਖ ਭੇਦ ਹਨ ਜੋ ਆਸ਼ਰਵ ਵਿਰੋਧੀ ਹਨ। ਕਈ ਵਿਦਵਾਨ ਸਮਿਕਤਵ ਆਦਿ ਦੇ ਪੰਜ ਭੇਦ ਮਿਲਾ ਕੇ 20 ਜਾਂ 57 ਭੇਦ ਵੀ ਕਰਦੇ ਹਨ।

## 7 ਨਿਰਜਰਾ

ਸੰਬਰ ਨਵੇਂ ਆਉਣ ਵਾਲੇ ਕਰਮਾਂ ਦੇ ਰੋਕਣ ਦਾ ਨਾਂ ਹੈ ਪਰ ਇਕਲਾ ਸੰਬਰ ਮਨੁੱਖ ਨੂੰ ਮੁਕਤੀ ਨਹੀਂ ਦਿਲਾ ਸਕਦਾ।

ਆਤਮਾ ਰੂਪੀ ਨੌਕਾ ਵਿਚ ਛੇਦਾਂ ਰਾਹੀਂ ਪਾਣੀ ਆਉਣਾ ਆਸ਼ਰਵ ਹੈ। ਛੇਦ ਬੰਦ ਕਰਕੇ ਪਾਣੀ ਰੋਕਣਾ ਸੰਬਰ ਹੈ। ਪਰ ਜੋ ਪਾਣੀ ਕਿਸ਼ਤੀ ਦੇ ਅੰਦਰ ਆ ਗਿਆ ਹੈ ਉਸ ਨੂੰ ਹੌਲੀ ਹੌਲੀ ਬਾਹਰ ਕਰਨਾ ਨਿਰਜਰਾ ਹੈ।

ਨਿਰਜਰਾ ਦਾ ਅਰਥ ਹੈ ਪੁਰਾਣੇ ਸੰਗ੍ਰਿਹ ਕੀਤੇ ਕਰਮਾਂ ਪੁਦਗਲ ਦੀ ਧੂੜ ਨੂੰ ਝਾੜ ਦੇਣਾ। ਆਤਮ ਪ੍ਰਦੇਸ਼ਾਂ ਨਾਲ ਜੁੜੇ ਕਰਮਾ ਦਾ ਝੜਨਾ ਨਿਰਜਰਾ ਹੈ। ਨਿਰਜਰਾ ਦੀ ਕ੍ਰਿਆ ਵਿਚ, ਕਰਮਾ ਦਾ ਇਕੋ ਸਮੇਂ ਖਾਤਮਾ ਨਹੀਂ ਹੁੰਦਾ। ਪਰ ਨਿਰਜਰਾ ਦੀ ਕ੍ਰਿਆ ਦੀ ਅਵਸਥਾ ਜਦ ਉੱਚਤਮ ਹੋ ਜਾਂਦੀ ਹੈ ਤਾਂ ਆਤਮ ਪ੍ਰਦੇਸ਼ਾ ਨਾਲ ਸੰਬਧਿਤ ਸਾਰੇ ਕਰਮਾ ਦਾ ਖਾਤਮਾ ਹੋ ਜਾਂਦਾ ਹੈ।

ਨਿਰਜਰਾਂ ਦੇ ਦੋ ਪ੍ਰਮੁਖ ਭੇਦ ਹਨ ਸਕਾਮ (ਉਦੇਸ਼ ਪੂਰਨ) ਨਿਰਜ਼ਰਾ ਅਤੇ ਅਕਾਮ (ਬਿਨਾ ਉਦੇਸ਼) ਨਿਰਜਰਾ।

ਨਿਰਜਰਾ ਆਤਮਾ ਸ਼ੁਧੀ ਵਲ ਪੋੜੀਆਂ ਦੀਆਂ ਤਰਾਂ ਹੈ। ਸੰਬਰ ਵਿਚ ਮਨ, ਵਚਨ ਤੇ ਸਰੀਰ ਦੀ ਸ਼ੁਧੀ 10 ਪ੍ਰਕਾਰ ਦਾ ਧਰਮ, 12 ਅਨੁਪਰੇਕਸ਼ਾਵਾਂ ਸਹਾਇਕ ਹਨ।

10 ਪ੍ਰਕਾਰ ਦਾ ਧਰਮ :

1) ਖਿਮਾ :—ਕਰੋਧ ਨੂੰ ਰੋਕਣਾ ।

2) ਮਾਰਦਵ :—ਜਾਤ, ਕੁੱਲ, ਗਿਆਨ, ਸ਼ਾਨ ਸ਼ੌਕਤ ਦਾ ਹੰਕਾਰ ਨਾ ਕਰਨਾ ।

3) ਆਰਜਵ :—ਸਰਲਤਾ ਧਾਰਨ ਕਰਨਾ ।

4) ਸ਼ੋਚ :—ਆਤਮਾ ਦੀ ਸ਼ੁਧੀ ਲਈ ਉਪਾਅ ਕਰਨਾ ।

5) ਸੱਚ :—ਮਿਥਿਆ ਵਚਨ, ਵਿਵਹਾਰ ਦੋਹਾਂ ਤੋਂ ਦੂਰ ਰਹਿਣਾ ।

6) ਸੰਜਮ :—ਹਿੰਸਾ ਆਦਿ ਵਿਰਤੀਆਂ ਤੋਂ ਦੂਰ ਰਹਿਣਾ ।

7) ਤੱਪ :—ਸੰਗ੍ਰਿਹ ਕੀਤੇ ਕਰਮਾਂ ਨੂੰ ਝਾੜਨ ਲਈ ਤੱਪ ਜਰੂਰੀ ਹੈ ।

8) ਤਿਆਗ :—ਚੰਗੇ ਕੰਮ ਲਈ, ਯੋਗ ਪਾਤਰ ਨੂੰ ਹਰ ਪ੍ਰਕਾਰ ਦੀ ਸਹਾਇਤਾ ਕਰਨਾ ।

9) ਅਕਿਚੰਨਯ :—ਪਰਿਗ੍ਰਹਿ ਦੇ ਪ੍ਰਤੀ ਲਗਾਵ ਨਾ ਰਖਣਾ ।

10) ਬ੍ਰਹਮਚਰਜ :—ਆਤਮਾ ਵਿਚ ਹੀ ਸਥਿਤ ਰਹਿਨਾ, ਕਾਮ ਭੋਗਾ ਨੂੰ ਪਾਪਾ ਦਾ ਕਾਰਣ ਜਾਣ ਕੇ ਉਨ੍ਹਾਂ ਵਿਚ ਨਾ ਉਲਝਣਾ ।

## ਨਿਰਜਰਾ ਤੱਤਵਾਂ ਦੇ ਭੇਦ

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਨਿਰਜਰਾ ਕਿਵੇਂ ਹੋਵੇ ? ਕਰਮਾਂ ਦੇ ਖਾਤਮੇ ਲਈ ਤੱਪ ਦੋ ਪ੍ਰਕਾਰ ਦਾ ਹੈ 1) ਅੰਦਰਲਾ ਤਪ 2) ਬਾਹਰਲਾ ਤੱਪ । ਦੋ ਤਪਾਂ ਦੇ ਛੇ ਛੇ ਭੇਦ ਹਨ ।

## ਅੰਦਰਲਾ ਤੱਪ

1) ਪ੍ਰਾਸ਼ਚਿਤ 2) ਵਿਨੇ 3) ਵੈਯਵਰਿਤ (ਬਾਲਕ, ਬੁਢੇ ਅਤੇ ਰੋਗੀ ਦੀ ਸੇਵਾ) 4) ਸਵਾਧਿਆਏ (ਧਰਮ ਗ੍ਰੰਥਾਂ ਦਾਂ ਅਧਿਐਨ) 5) ਧਿਆਨ (ਆਰਤ ਤੇ ਰੌਦਰ ਦੇ ਅਸ਼ੁਭ ਧਿਆਨਾਂ ਨੂੰ ਛੱਡ ਕੇ ਧਰਮ ਤੇ ਸ਼ੁਕਲ ਧਿਆਨ ਕਰਨਾ) 6) ਵਿਯੁਤਸਰਗ

ਇਹ 6 ਤੱਪ ਅੰਦਰਲੇ ਤੱਪ ਹਨ ਅਤੇ ਆਤਮ ਸ਼ੁਧੀ ਲਈ ਸਭ ਤੋਂ ਵਧ ਮਹੱਤਵ-ਪੂਰਵ ਹਨ ।

## ਬਾਹਰਲੇ ਤੱਪ

1) ਵਰਤ 2) ਉਨੋਦਰੀ (ਭੁੱਖ ਤੋਂ ਘੱਟ ਖਾਣਾ) 3) ਭਿਖਿਆ ਨਾਲ ਗੁਜਾਰਾ ਕਰਨਾ 4) ਰਸ ਤਿਆਗ 5) ਕਾਇਆ ਕਲੇਸ਼ (ਸਰੀਰ ਨੂੰ ਭਿੰਨ ਭਿੰਨ ਤੱਪਾਂ ਰਾਹੀਂ ਦੁੱਖੀ ਕਰਨਾ 6) ਪ੍ਰਤੀਸ਼ਲੀਨਤਾ । (ਵੇਖੋ ਗੁਰੂ ਸਬਦ ਦੀ ਵਿਆਖਿਆ)

## 8 ਬੰਧ

ਦੁਧ, ਪਾਣੀ ਦੇ ਮੇਲ ਦੀ ਤਰ੍ਹਾਂ ਆਤਮਾ ਦਾ ਕਰਮਾਂ ਨਾਲ ਘੁਲ ਮਿਲ ਜਾਣਾ ਹੀ ਬੰਧ ਹੈ । ਬੰਧ ਇਕ ਵਸਤੂ ਦਾ ਨਹੀਂ, ਦੋ ਵਸਤੂਆਂ ਦਾ ਮੇਲ ਹੈ । ਆਤਮਾ ਤੇ ਕਰਮਾ ਦਾ

ਮੇਲ ਹੀ ਬੰਧ ਹੈ । ਕਸ਼ਾਏ ਆਦਿ ਦੇ ਪੁਦਗਲਾ ਦਾ ਆਤਮਾ ਨਾਲ ਸੰਬਧਿਤ ਹੋਣਾ ਬਧ ਅਖਵਾਉਂਦਾ ਹੈ । ਜਿਵੇਂ ਵੇਖਣ ਨੂੰ ਦੁਧ ਪਾਣੀ ਇਕ ਵਿਖਾਈ ਦਿੰਦੇ ਹਨ. ਪਰ ਵਖੋ ਵਖ ਹਨ । ਠੀਕ ਇਸੇ ਪ੍ਰਕਾਰ ਆਤਮਾ ਤੇ ਕਰਮ ਬੰਧ ਤੱਤਵ ਕਾਰਣ ਇਕਠੇ ਵਿਖਾਈ ਦਿੰਦੇ ਹਨ । ਬੰਧ ਕਾਰਣ ਹੀ ਮਨੁਖ ਜਨਮ ਮਰਨ ਦੇ ਚਕਰ ਖਾ ਰਿਹਾ ਹੈ ਕਰਮਾ ਨੂੰ ਟੋਲਨ ਦੀ ਲੋੜ ਨਹੀਂ । ਇਸ ਪ੍ਰਕਾਰ ਦੇ (ਕਰਮ) ਪੁਦਗਲ ਦਰਵ ਸਾਰੇ ਲੋਕ ਵਿਚ ਠੁਸ ਠੁਸ ਕੇ ਭਰੇ ਪਏ ਹੈ ਇਸਨੂੰ ਜੈਨ ਸ਼ਾਸਤਰ ਕਰਮ ਵਰਗਨਾ ਆਖਦੇ ਹਨ ਇਹ ਕਰਮ ਵਰਗਨਾ ਦੇ ਪੁਦਗਲ ਰਾਗ ਦਵੇਸ਼ ਮੋਹ ਰੁਪ ਚਿਕਨਾਹਟ ਕਾਰਣ ਆਤਮ ਪ੍ਰਦੇਸ਼ਾਂ ਨੂੰ ਚਿਪਕ ਜਾਂਦੇ ਹਨ ।

## ਬੰਧ ਤੱਤਵ ਦੇ ਚਾਰ ਭੇਦ ਹਨ

ਬੰਧ ਸ਼ੁਭ ਅਤੇ ਅਸ਼ੁਭ ਦੋ ਪ੍ਰਕਾਰ ਦਾ ਹੁੰਦਾ ਹੈ ।

ਬੰਧ ਪ੍ਰਾਕ੍ਰਿਤੀ ਦਾ ਕਾਰਣ ਅੱਠ ਕਰਮ ਹਨ ।

(1) ਗਿਆਨ ਵਰਨੀਆ (2) ਦਰਸ਼ਨਾ ਵਰਨੀਆਂ (3) ਵੇਦਨੀਆ (4) ਮੋਹਨੀਆਂ (5) ਆਯੂਸ਼ (6) ਨਾਮ (7) ਗੋਤਰ (8) ਅੰਤਰਾਏ (ਵੇਖੋ ਕਰਮਵਾਦ)

## ਕਰਮ ਬੰਧ ਦੇ ਕਾਰਣ

1) ਮਿਥਿਆਤਵ 2) ਅਵਿਰਤਿ 3) ਪ੍ਰਮਾਦ 4) ਕਸ਼ਾਏ 5) ਯੋਗ

ਇਨ੍ਹਾਂ ਵਿਚੋਂ ਪਹਿਲੇ 4 ਕਰਮ ਦੇ ਭੇਦ ਆਤਮਾ ਦੇ ਸੁਭਾਵਿਕ ਗੁਣਾਂ ਨੂੰ ਢਕਦੇ ਹਨ ਇਸ ਕਰਕੇ ਇਨ੍ਹਾਂ ਨੂੰ ਘਾਤੀ ਕਰਮ ਕਿਹਾ ਜਾਂਦਾ ਹੈ ।

ਬਾਕੀ 4 ਕਰਮ ਅਘਾਤੀ ਹਨ ਕਿਉਂਕਿ ਇਹ ਆਤਮਾ ਨੂੰ ਸੰਸਾਰ ਵਿਚ ਟਿਕਾ ਕੇ ਰੱਖਦੇ ਹਨ ।

ਕਰਮ ਦੇ ਫਲ ਪੱਕਣ ਤੋਂ ਪਹਿਲਾਂ ਦੀ ਸਥਿਤੀ ਦਾ ਨਾਂ ਬੰਧ ਹੈ । ਕਰਮ ਦਾ ਫਲ ਮਿਲਣ ਦਾ ਸਮਾਂ ਪੁੰਨ ਤੇ ਪਾਪ ਹੈ । ਪ੍ਰਾਕਿਤੀ ਬੰਧ ਅਤੇ ਪ੍ਰਦੇਸ਼ ਬੰਧ, 3 ਯੋਗ (ਮਨ, ਵਚਨ ਤੇ ਸਰੀਰ) ਕਾਰਣ ਅਤੇ ਸਥਿਤੀ, ਅਨੁਭਾਗ ਕਸ਼ਾਏ ਕਾਰਣ ਹੁੰਦੇ ਹਨ ।

1) ਪ੍ਰਾਕ੍ਰਿਤੀ ਬੰਧ :—ਕਰਮਾਂ ਦੇ ਸੁਭਾਵ ਅਨੁਸਾਰ ਬੰਧਨਾਂ ।

2) ਸਥਿਤੀ :—ਕਰਮ ਬੰਧਨ ਦਾ ਸਮਾਂ ਨਿਸ਼ਚਿਤ ਹੋਣਾ ।

3) ਅਨੁਭਾਗ :—ਕਰਮ ਦੇ ਫਲ ਦੀ ਤੇਜੀ ਜਾਂ ਕਮੀ ਸ਼ੁਭ ਜਾਂ ਅਸ਼ੁਭ ਰਸ ਦੀ ਸ਼ਕਤੀ ਪਤਾ ਲਗਣਾ ।

4) ਪ੍ਰਦੇਸ਼ :—ਕਰਮ ਪੁਦਗਲਾਂ ਦੀ ਸ਼ਕਤੀ ਦੇ ਸੁਭਾਅ ਅਨੁਸਾਰ ਭਿੰਨ ਭਿੰਨ ਭਾਗਾਂ ਵਿਚ ਵੰਡੀਆਂ ਜਾਣਾਂ ।

## 9 ਮੋਕਸ਼

ਜੈਨ ਧਰਮ ਅਨੁਸਾਰ ਜਿੰਦਗੀ ਦਾ ਪਹਿਲਾ ਤੇ ਆਖਰੀ ਨਿਸ਼ਾਨਾ ਜਨਮ, ਜਰਾ, ਦੁੱਖ ਤੱਤਵ ਤੋਂ ਛੁਟਕੇ ਮੋਕਸ਼ ਨੂੰ ਪ੍ਰਾਪਤ ਕਰਨਾ ਹੈ । ਜਦ ਤਕ ਸਰੀਰ ਹੈ ਜੀਵ ਆਤਮਾ ਕਰਮਾਂ

ਦੇ ਬੰਧਨਾਂ ਵਿਚ ਇਸ ਪ੍ਰਕਾਰ ਜਕੜੀ ਹੋਈ ਹੈ। ਆਤਮਾ ਸ਼ੁਧ ਸ਼ੀਸ਼ਾ ਹੈ। ਜਿਸ ਪ੍ਰਕਾਰ ਸ਼ੁਧ ਸ਼ੀਸ਼ੇ ਤੇ ਧੂਲ ਪੈ ਜਾਵੇ ਤਾਂ ਮਨੁੱਖ ਆਪਣਾ ਮੂੰਹ ਨਹੀਂ ਵੇਖ ਸਕਦਾ। ਠੀਕ ਉਸੇ ਪ੍ਰਕਾਰ ਆਤਮਾ ਰੂਪੀ ਸ਼ੀਸੇ ਤੇ ਕਰਮਾਂ ਪ੍ਰਮਾਣੂ ਪੁਦਗਲ ਦੀ ਧੂਲ ਅਨੰਤ ਕਾਲ ਤੋਂ ਪਈ ਹੈ।

ਜਦ ਕਰਮ ਬੰਧਨ ਟੁਟ ਜਾਂਦੇ ਹਨ ਤਾਂ ਆਤਮਾ ਫਿਰ ਆਪਣੇ ਸ਼ੁਧ ਨਿੱਤ, ਅਜ਼ਰ, ਅਮਰ ਤੇ ਸਚਿਦਾਨੰਦ ਸਵਰੂਪ ਵਿਚ ਆ ਜਾਂਦੀ ਹੈ।

ਜਦ ਰਾਗ ਦੇਵ ਦਾ ਖਾਤਮਾ ਹੋ ਜਾਂਦਾ ਹੈ ਤਾਂ ਜੀਵ ਆਤਮਾ ਵੀਤਰਾਗੀ ਅਵਸਥਾ ਨੂੰ ਪ੍ਰਾਪਤ ਕਰ ਲੈਂਦੀ ਹੈ।

ਮੋਕਸ਼ ਅਵਸਥਾ ਵਾਲੀ ਆਤਮਾ ਹੀ ਪ੍ਰਮਾਤਮਾ ਹੈ। ਇਸ ਅਵਸਥਾ ਦਾ ਵਰਨਣ ਕੋਈ ਸ਼ਬਦ ਜਾਂ ਉਪਮਾ ਰਾਹੀਂ ਨਹੀਂ ਕੀਤਾ ਜਾ ਸਕਦਾ। ਇਹ ਹੀ ਕਿਹਾ ਜਾ ਸਕਦਾ ਹੈ ਨਿਮੋਕਸ਼ ਸਮੇਂ ਸੰਸਾਰ ਵਿਚ ਆਉਣਾ ਜਾਣਾ ਖਤਮ ਹੋ ਜਾਂਦਾ ਹੈ। ਆਤਮਾ ਆਪਣੇ ਨਿਜ ਸੁਭਾਅ ਵਿਚ ਆ ਜਾਂਦੀ ਹੈ।

ਮੋਕਸ਼ ਪ੍ਰਾਪਤੀ ਦੇ ਚਾਰ ਉਪਾਅ ਹਨ। (1) ਗਿਆਨ (2) ਦਰਸ਼ਨ (3) ਚਾਰਿੱਤਰ (4) ਤੱਪ

ਗਿਆਨ ਰਾਹੀਂ ਸ਼ੁਧ ਤੱਤਵਾਂ ਦੀ ਜਾਣਕਾਰੀ ਹੁੰਦੀ ਹੈ। ਦਰਸ਼ਨ ਰਾਹੀਂ ਤੱਤਵਾਂ ਪ੍ਰਤੀ ਸ਼ਰਧਾ ਜਾਗਦੀ ਹੈ। ਚਾਰਿੱਤਰ (ਅਮਲ ਰਾਹੀਂ) ਰਾਹੀਂ ਆਉਂਦੇ ਕਰਮਾਂ ਨੂੰ ਰੋਕਿਆ ਜਾ ਸਕਦਾ ਹੈ। (4) ਤਪ ਰਾਹੀਂ ਬੰਧਨ ਕੀਤੇ ਕਰਮਾਂ ਦਾ ਖਾਤਮਾ ਹੁੰਦਾ ਹੈ।

ਜੈਨ ਧਰਮ ਵਿਚ ਕਰਮ ਬੰਧਨ ਤੋਂ ਮੁਕਤ ਅਵਸਥਾ ਨੂੰ ਸਿਧ, ਬੁੱਧ ਤੇ ਮੁਕਤ ਅਵਸਥਾ ਆਖਦੇ ਹਨ। ਕੇਵਲ ਗਿਆਨ ਰਾਹੀਂ ਜੀਵ ਅਰਿਹੰਤ ਤੇ ਸਰਵੱਗ ਅਵਸਥਾ ਪ੍ਰਾਪਤ ਕਰਦਾ ਹੈ। ਇਹ ਜੀਵ ਕਰਮਾਂ ਦੇ ਬੰਧਨ ਖਤਮ ਕਰਕੇ ਹੀ ਪ੍ਰਮਾਤਮਾ ਜਾਂ ਮੋਕਸ਼ ਦਾ ਅਧਿਕਾਰੀ ਬਣਦਾ ਹੈ।

ਜੈਨ ਧਰਮ ਸਾਧਨਾਂ ਵਿਚ ਮੋਕਸ਼ ਪ੍ਰਾਪਤੀ ਲਈ ਕਿਸੇ ਜਾਤੀ, ਕੁਲ, ਫਿਰਕੇ ਜਾਂ ਵਿਅਕਤੀ ਨੂੰ ਪ੍ਰਧਾਨਤਾ ਨਹੀਂ ਦਿੱਤੀ ਗਈ। ਆਤਮਾ ਦੀ ਕਰਮ ਬੰਧ ਤੋਂ ਮੁਕਤ ਅਵਸਥਾ ਹੀ ਮੋਕਸ਼ ਦਾ ਕਾਰਣ ਹੈ।

## ਜੀਵ


**ਵਰਗਨਾ**

ਵਰਗਨਾ ਸਭ ਤੋਂ ਸੂਖਮ ਹੁੰਦੀ ਹੈ। ਵਰਗਨਾ ਦਾ ਅਰਥ ਹੈ ਇਕ ਹੀ ਜਾਤੀ ਦੇ ਪੁਦਗਲ ਸਕੰਧ ਦਾ ਸਮੂਹ। ਉਂਝ ਇਹ ਵਰਗਨਾ ਅਸੰਖ ਹਨ। ਪਰ ਮੂਲ ਰੂਪ ਵਿਚ 8 ਹਨ। ਪਹਿਲੀ 5 ਸਰੀਰ ਦੇ ਨਿਰਮਾਨ ਵਿਚ ਸਹਾਇਕ ਹਨ। ਬਾਕੀ ਮਨ ਦੀ ਕ੍ਰਿਆ ਵਿਚ ਸਹਾਇਕ ਹਨ।

(1) ਔਦਾਰਇਕ ਵਰਗਨਾ (2) ਬੈਕਰਿਆ ਵਰਗਨਾ (3) ਅਹਾਰਕ ਵਰਗਨਾ

(4) ਤੇਜਸ ਵਰਗਨਾ (5) ਕਾਰਮਨ ਵਰਗਨਾ [6] ਸ਼ਵਾਸੋਸਵਾਸ ਵਰਗਨਾ [7] ਭਾਸਾ ਵਰਗਨਾ [8] ਮਨ ਵਰਗਨਾ। ਪ੍ਰਾਣੀ ਅਨਾਦਿ ਕਾਲ ਤੋਂ ਕਾਰਮਨ ਵਰਗਨਾ ਨਾਲ ਪ੍ਰਭਾਵਿਤ ਹੈ। ਪ੍ਰਾਣੀ ਦੇ ਛੋਟੇ ਵਿਭਾਗ ਦਾ ਨਾਂ ਨਿਗੋਦ ਹੈ। ਨਿਗੋਦ ਤੋਂ ਭਾਵ ਹੈ ਅਜਿਹਾ ਇਕ ਸਰੀਰ ਜਿਸ ਵਿਚ ਕਈ ਜੀਵ ਹੋਣ, ਜਿਵੇਂ ਸੰਪੂਰਨ ਬਨਸਪਤੀ ਜੀਵ ਹਨ। ਇਕ ਸ਼ਰੀਰ ਇਕ ਜੀਵ ਵਿਚ ਹੋਣ ਤਾਂ ਪ੍ਰਤੇਕ ਬਨਸਪਤਿ ਹੈ।

# ਛੇ ਦਰਵ




**ਪੁਦਗਲ** ਕਾਠ, ਪੱਥਰ, ਰਤਨ, ਮਿੱਟੀ, ਧਾਤੂ, ਮਕਾਨ ਅਤੇ ਮੁਰਦਾ

**ਕਾਲ** : ਬੁਢਾਪਾ ਤੇ ਬਚਪਨ—ਗਤਿ ਵਿਚ ਸਹਾਇਕ ਧਰਮ ਦਰਵ, ਰੁਕਨ ਵਿਚ ਸਹਾਇਕ ਅਧਰਮ ਦਰਵ ।

# 6 ਦਰਵ

ਸਾਰਾ ਸੰਸਾਰ ਜੈਨ ਦਰਸ਼ਨ ਅਨੁਸਾਰ 6 ਦਰਵਾ ਦਾ ਬਨਿਆ ਹੋਇਆ ਹੈ। ਜਦ ਕਿ ਵੈਸ਼ਿਸ਼ਨਕ ਦਰਸ਼ਨ ਪ੍ਰਿਥਵੀ, ਜਲ, ਅੱਗ, ਹਵਾ, ਅਕਾਸ਼, ਦਿਸ਼ਾ, ਆਤਮਾ ਤੇ ਮਨ ਨੌ ਤਤਵ ਮੰਨਦਾ ਹੈ। ਜੈਨ ਧਰਮ ਸੰਸਾਰ ਦਾ ਕਰਤਾ, ਈਸ਼ਵਰ ਨੂੰ ਨਹੀਂ ਮੰਨਦਾ। ਸੋ ਸੁਭ-ਵਿਕ ਹੀ ਹੈ ਕਿ ਜੈਨ ਧਰਮ ਸ੍ਰਿਸ਼ਟੀ ਬਾਰੇ ਕਿ ਵਿਚਾਰ ਰਖਦਾ ਹੈ ਸ੍ਰਿਸ਼ਟੀ ਦਾ ਮੂਲ ਕਾਰਣ 6 ਦਰਵ ਜਾਨਿਆ ਜਾਵੇ।

ਇਹ 6 ਦਰਵ ਹਨ : (1) ਧਰਮਾਸਤੀ ਕਾਇਆ (2) ਅਧਰਮਾਸਤੀ ਕਾਇਆ (3) ਅਕਾਸ਼ (4) ਕਾਲ (5) ਪੁਦਗੱਲ (6) ਜੀਵ।

## ਦਰਵ-ਪਰਿਆਏ

ਇਨ੍ਹਾਂ ਦਰਵਾਂ ਦੇ ਗੁਣ ਅਤੇ ਪਰਿਆਏ (ਅਵਸਥਾ) ਵਿਚ ਪਰੀਵਰਤਨ ਹੁੰਦਾ ਰਹਿੰਦਾ ਹੈ ਇਸ ਕੰਮ ਦਾ ਚਲਦੇ ਰਹਿਣਾ ਹੀ ਸੰਸਾਰ ਦਾ ਚਲਨਾ ਹੈ। ਦਰਵ ਉਸ ਨੂੰ ਆਖਦੇ ਹਨ ਜਿਸ ਵਿਚ ਗੁਣ ਹੋਵੇ ਅਨੇਕ ਪ੍ਰਕਾਰ ਦੀ ਸ਼ਕਤੀ ਅਤੇ ਅਨੇਕ ਪਰਿਆਏ ਹੋਵੇ। ਸੰਸਾਰ ਵਿਚ ਦਰਵ ਹੋਣ ਤੇ ਹੀ ਗੁਣ, ਪਰਿਆਏ ਅਤੇ ਸ਼ਕਤੀ ਰਹਿ ਸਕਦੇ ਹਨ।

ਜੋ ਸਾਥ ਰਹੇ ਉਹ ਗੁਣ ਹੈ। ਜੋ ਸਿਲਸਲੇ ਵਾਰ ਬਦਲਦਾ ਰਹੇ ਉਹ ਪਰਿਆਏ ਹੈ। ਜਿਵੇਂ ਅਸੀਂ ਆਖਦੇ ਹਾਂ ਸੋਨਾ ਪੀਲਾ, ਚਮਕਦਾਰ ਤੇ ਕਠੋਰ ਹੈ। ਇਹ ਸੋਨੇ ਦੇ ਗੁਣ ਹਨ। ਇਸੇ ਸੋਨੇ ਨੂੰ ਤੋੜ ਕੇ ਭਿੰਨ 2 ਪ੍ਰਕਾਰ ਦੇ ਗਹਿਣੇ ਬਣਦੇ ਹਨ ਇਹ ਸੋਨੇ ਦੀ ਭਿੰਨ 2 ਪਰਿਆਏ ਹਨ।

ਇਸੇ ਪ੍ਰਕਾਰ ਆਤਮਾ ਦੇ ਗੁਣ ਤੇ ਪਰਿਆਏ ਹਨ। ਆਤਮਾ ਵਿਚ ਗਿਆਨ ਦਰਸ਼ਨ, ਸੁਖ, ਵੀਰਜ (ਆਤਮ ਸ਼ਕਤੀ) ਹੈ। ਦੇਹਧਾਰੀ ਆਤਮਾ ਵਿਚ ਪਰਿਵਰਤਨ ਹੁੰਦਾ ਰਹਿੰਦਾ ਹੈ। ਬਚਪਨ, ਜਵਾਨੀ, ਬੁਢਾਪਾ ਦੇਹਧਾਰੀ ਆਤਮਾ ਦੀ ਪਰਿਆਏ ਹੈ।

ਪਦਾਰਥ ਦੀਆਂ ਭਿੰਨ ੨ ਅਵਸਥਾਵਾਂ ਦਾ ਅਰਥ ਵੀ ਪਰਿਆਏ ਹੈ। ਜੈਨ ਦਰਸ਼ਨ ਆਸ਼ਤੀਵਾਦੀ ਹੈ। ਇਹ ਵਿਸ਼ਵ ਵਿਚ ਸਾਰੇ ਪਦਾਰਥ ਦੀ ਹੋਂਦ ਮੰਨਦਾ ਹੈ। ਹੋਂਦ ਪਖੋਂ ਸਾਰੇ ਪਦਾਰਥਾਂ ਸਮਾਨ ਹਨ। ਪਰ ਇਨਾਂ ਦਾ ਮੂਲ ਪਾਉਣਾ ਚੇਤਨਾ ਦਾ ਵਿਸ਼ਾ ਹੈ।

ਸੰਸਾਰ ਦਾ ਕ੍ਰਮ ਅਨਾਦਿਕਾਲੀਨ ਹੈ ਇਸ ਨੂੰ ਮੁਰਗੀ ਅਤੇ ਆਂਡੇ ਦੇ ਉਦਾਹਰਨ ਨਾਲ ਸਮਝਿਆ ਜਾ ਸਕਦਾ ਹੈ। ਸਵਾਲ ਪੈਦਾ ਹੁੰਦਾ ਹੈ ਪਹਿਲਾ ਆਂਡਾ ਕਿ ਪਹਿਲਾ ਆਂਡਾ ਕਿ ਪਹਿਲਾ ਮੁਰਗੀ? ਜੇ ਆਂਡਾ ਆਖਦੇ ਹਾਂ, ਤਾਂ ਮੁਰਗੀ ਦੀ ਹੋਂਦ ਸਿਧ ਹੁੰਦੀ ਹੈ

ਜੇ ਮੁਰਗੀ ਆਖਦੇ ਹਾਂ ਤਾਂ ਆਂਡੇ ਦੀ ਹੋਂਦ ਸ਼ਿਧ ਹੁੰਦੀ ਹੈ ? ਸੋ ਇਸ ਪ੍ਰਕਾਰ ਆਤਮਾ ਅਤੇ ਕਰਮ ਜਨਮ ਤੇ ਮਰਨ ਦੀ ਪ੍ਰਪੰਰਾ ਸਮਝਣੀ ਚਾਹੀਦੀ ਹੈ।

ਪਰੀਆਏ ਦੋ ਪ੍ਰਕਾਰ ਦਾ ਹੈ :

ਜਿਸ ਰਾਹੀਂ ਵਸਤੂ ਪ੍ਰਗਟ ਹੋਵੇ ਉਹ ਵਿਅੰਜਨ ਪਰਿਆਏ ਹੈ ਜਿਵੇਂ ਘੜੇ ਦਾ ਪਰਿਆਏ ਕੁੰਭ, ਕਲਸ਼, ਗਾਗਰ ਹੈ। ਇਸ ਤਰ੍ਹਾਂ ਆਤਮਾ, ਜੀਵ, ਚੇਤਨ ਪ੍ਰਾਣ ਜੀਵ ਦੇ ਵਿਅੰਜਨ ਪਰਿਆਏ ਹਨ।

ਕੇਵਲੀ ਭਗਵਾਨ ਨੇ ਇਨ੍ਹਾਂ 6 ਦਰਵਾਂ ਦੀ ਹੋਂਦ ਨੂੰ ਹੀ ਲੋਕ ਆਖਿਆ ਹੈ। ਕਾਲ ਨੂੰ ਜੈਨ ਸਵੱਤਾਵਰ ਪ੍ਰਪੰਪਰਾ ਵਿਚ ਦਰਵ ਮੰਨੀਆ ਗਿਆ ਹੈ। ਇਸ ਕਾਰਣ ਕਾਲ ਨੂੰ ਛਡ ਕੇ ਬਾਕੀ ਸਭ ਦਰੱਵ ਆਸਾਤੀ ਕਾਈਆ ਹੇਠ ਆਉਂਦੇ ਹਨ। ਦਿਗੰਵਰ ਪ੍ਰਪੰਰਾ ਕਾਲ ਨੂੰ ਦਰਵ ਨਹੀਂ ਮੰਨਦੀ।

## ਆਸਤੀ ਕਾਈਆ ਦਾ ਅਰਥ

ਆਸਤੀ ਕਾਈਆਂ ਦਾ ਅਰਥ ਹੈ ਪ੍ਰਦੇਸ਼ ਦਾ ਸਮੂੰਹ। ਪ੍ਰਦੇਸ਼ ਤੋਂ ਭਾਵ ਹੈ ਦਰਵ ਦਾ ਇਕ ਅੰਸ਼। ਧਰਮ, ਅਧਰਮ, ਅਕਾਸ਼ ਅਤੇ ਜੀਵ ਆਦਿ ਦੇ ਪ੍ਰਦੇਸ਼ ਨਹੀਂ ਟੁਟਦੇ ਇਹ ਤਾਂ ਇਕ ਕਲਪਨਾ ਹੈ ਕਿ ਜੇ ਦਰਵ ਨੂੰ ਤੋੜਿਆ ਜਾਵੇ ਤਾਂ ਇਸ ਦੇ ਪ੍ਰਮਾਣੂ ਦੀ ਤਰ੍ਹਾਂ ਅੰਸਖ ਭਾਗ ਹੋ ਜਾਂਦੇ ਹਨ।

ਪੁਦਗਲ ਦਾ ਸ਼ੁਧ ਰੂਪ ਪ੍ਰਮਾਣੂ ਹੈ। ਜੋ ਵੰਡਿਆ ਨਹੀਂ ਜਾ ਸਕਦਾ। ਪ੍ਰਮਾਣੂ ਦਾ ਸੁਭਾਅ ਮਿਲਣਾ ਵਿਛੜਣਾ ਹੈ। ਇਸ ਤੋਂ ਸਬੰਧ ਬਣਦਾ ਹੈ। ਅਤੇ ਟੁਟਦਾ ਹੈ। ਕੋਈ ਸਬੰਧ ਹਮੇਸ਼ਾ ਰਹਿਣਾ ਵਾਲਾ ਨਹੀਂ ਹੁੰਦਾ। ਇਸ ਪਖੋਂ ਪੁਦਗਲ ਦਰੱਵ ਅਨੇਕਾਂ ਹਿਸਿਆਂ ਵਾਲਾ ਹੈ। ਜਿਸ ਸਕੰਧ ਦੇ ਜਿਨੇ ਪ੍ਰਮਾਣੂ ਹੁੰਦੇ ਹਨ ਉਹ ਸਕੰਧ ਉਸੇ ਪ੍ਰਮਾਣੂ ਦਾ ਹੁੰਦਾ ਹੈ। ਦੇਸ, ਸਕੰਧ ਦਾ ਭਾਗ ਹੈ। ਪ੍ਰਦੇਸ਼ ਤੋਂ ਭਾਵ ਹੈ ਜਿਸ ਦੇ ਦੋ ਭਾਗ ਨਾ ਹੋ ਸਕਨ।

ਕਾਲ (ਸਮਾਂ) ਦੇ ਨਾਂ ਤਾਂ ਪ੍ਰਮਾਣ ਹਨ, ਨਾ ਹੀ ਪ੍ਰਦੇਸ਼। ਕਾਲ ਦਾ ਸੁਭਾਅ ਪੈਦਾ ਹੋਣਾ, ਚਲਣਾ ਅਤੇ ਖਤਮ ਹੋਣਾ ਹੈ। ਕਾਲ ਵਰਤਮਾਨ ਵਿਚ ਇਕ ਸਮੇਂ ਦਾ ਹੀ ਹੁੰਦਾ ਹੈ। ਇਸ ਦੇ ਕੋਈ ਸਕੰਧ ਨਹੀਂ ਬਣਦੇ।

ਪੰਜ ਆਸਤੀ ਕਾਈਆਂ ਦਾ ਜੋ ਧਰਮ ਅਤੇ ਅਧਰਮ ਦੇ ਹਨ ਗੁਣ, ਪਰਿਆਏ ਹੈ ਉਸ ਨੂੰ ਆਸਤੀ ਕਾਈਆ ਧਰਮ ਆਖਦੇ ਹਾਂ।

ਇਸ ਜਗਤ ਵਿਚ ਮੂਲ ਰੂਪ ਵਿਚ ਦੋ ਹੀ ਪਦਾਰਥ ਹਨ ਜੀਵ ਅਤੇ ਅਜੀਵ ਇਨ੍ਹਾਂ ਦੋਹਾਂ ਦਰੱਵਾਂ ਦੀ ਹੋਂਦ ਅਨਾਦਿ ਅਤੇ ਅਨੰਤ ਹੈ। ਇਹ ਤਿੰਨ ਕਾਲ ਵਿਚ ਮੌਜੂਦ ਰਹਿੰਦੇ ਹਨ। ਇਸੇ ਨੂੰ ਅਸ਼ਾਤੀ ਸ਼ਬਦ ਤੋਂ ਸਤ ਦੀ ਹੋਂਦ ਆਈ ਹੈ।

## ਛੇ ਦਰਵਾਂ ਦੇ ਲਛਣ

### ਧਰਮ ਅਤੇ ਅਧਰਮ

ਧਰਮ ਉਹ ਦਰੱਵ ਹੈ ਜੋ ਚਲਣ ਫਿਰਣ (ਗਤੀ) ਵਿਚ ਸਹਾਇਤਾ ਦਿੰਦਾ ਹੈ। ਜੋ

ਦਰੱਵ ਰੁਕਣ ਵਿਚ ਸਹਾਇਤਾ ਦਿੰਦਾ ਹੈ ਉਹ ਅਧਰਮ ਹੈ। ਸਾਫ ਜਾਹਰ ਹੈ ਕਿ ਖੁਦ ਚਲਣ ਲਈ ਤਿਆਰ ਜੀਵਾਂ ਅਤੇ ਪੁਦਗਲਾਂ ਨੂੰ ਚਾਲ ਪ੍ਰਦਾਨ ਕਰਨ ਵਾਲਾ ਧਰਮਾਸਤੀ ਕਾਈਆ ਹੈ। ਠਹਿਰੇ ਹੋਏ ਅਤੇ ਪੁਦਗਲਾਂ ਨੂੰ ਸਥਿਰ ਕਰਨ ਵਾਲਾ ਪਦਾਰਥ ਅਧਰਮਾਸਤੀ ਕਾਈਆ ਹੈ।

ਜਿਵੇਂ ਪਾਣੀ ਵਿਚ ਤੈਰਨ ਵਾਲੇ ਸੁਭਾਅ ਵਾਲੀ ਮਛਲੀ ਨੂੰ ਤੈਰਨ ਵਿਚ ਸਹਾਇਤਾ ਕਰਨ ਵਾਲਾ ਪਾਣੀ ਹੈ। ਇਸੇ ਪ੍ਰਕਾਰ ਜੜ ਅਤੇ ਜੀਵਾਂ ਨੂੰ ਗਤੀ (ਚਾਲ) ਦੇਣ ਵਾਲਾ ਪਦਾਰਥ ਧਰਮ ਆਸਤੀ ਕਾਈਆ ਹੈ।

ਜਿਵੇਂ ਥੱਕੇ ਮੁਸਾਫਰ ਲਈ, ਦਰੱਖਤਾਂ ਦੀ ਠੰਡੀ ਛਾਂ ਵਿਸ਼ਰਾਮ ਦਾ ਕਾਰਣ ਬਣਦੀ ਹੈ ਉਸੇ ਤਰ੍ਹਾਂ ਗਤੀ ਸ਼ੀਲ ਅਤੇ ਜੀਵਾਂ ਤੇ ਜੜ ਪਦਾਰਥ ਦੀ ਗਤੀ ਨੂੰ ਸਥਿਰਤਾ ਵਿਚ ਅਧਰਮਾਸਤੀ ਕਾਈਆ ਸਹਾਇਕ ਹੈ।

## ਅਕਾਸ਼ ਦਰਵ

ਜੋ ਸਾਰੇ ਪਦਾਰਥਾਂ ਦਾ ਆਸਰਾ ਹੈ। ਉਸਨੂੰ ਅਕਾਸ਼ ਆਖਦੇ ਹਨ। ਸੰਸਾਰ ਦੇ ਪਦਾਰਥ ਅਕਾਸ਼ ਦੇ ਸਹਾਰੇ ਟਿਕੇ ਹੋਏ ਹਨ। ਜਿਸ ਤਰ੍ਹਾਂ ਦੁੱਧ, ਚੀਨੀ ਨੂੰ ਆਪਣੇ ਅੰਦਰ ਸਹਾਰਾ ਦਿੰਦਾ ਹੈ ਉਸੇ ਪ੍ਰਕਾਰ ਅਕਾਸ਼ ਦਰਵ ਹੈ। ਅਕਾਸ਼ ਸਥਿਰ ਅਧਾਰ ਦਾ ਹੈ ਇਸਦੇ ਸਹਾਰੇ ਜਮੀਨ ਆਦਿ ਹੋਰ ਅਕਾਸ਼ ਵਾਲੇ ਪਿੰਡ ਰਹਿ ਰਹੇ ਹਨ। ਅਕਾਸ਼ ਅਸੀਮ ਵਿਸਥਾਰ ਵਾਲਾ ਹੈ ਹੋਰ ਕੋਈ ਪਦਾਰਥ ਉਸ ਨੂੰ ਗ੍ਰਹਿਣ ਨਹੀਂ ਕਰ ਸਕਦਾ। ਅਕਾਸ਼ ਸੁਤੰਤਰ ਦਰਵ ਹੈ ਦਿਸ਼ਾ ਆਦਿ ਉਸ ਦਾ ਕਾਲਪਨਿਕ ਹਿਸਾ ਹਨ। ਇਹ ਠੋਸ ਦਰਵ ਨਹੀਂ, ਸਗੋਂ ਖਾਲੀ ਸਥਾਨ ਹੈ।

ਜਿਸ ਪ੍ਰਕਾਰ ਇਕ ਕਮਰੇ ਵਿਚ ਹਜ਼ਾਰਾਂ ਦੀਪਕਾਂ ਦਾ ਪ੍ਰਕਾਸ਼ ਇਕਮਿਕ ਹੋ ਜਾਂਦਾ ਹੈ ਉਸੇ ਪ੍ਰਕਾਰ ਅਕਾਸ਼ ਅੰਦਰ ਅਨੇਕਾਂ ਦਰੱਵ ਸਮਾ ਜਾਂਦੇ ਹਨ।

## ਕਾਲ ਦਰਵ

ਕਾਲ ਦਾ ਸੁਭਾਅ ਵੀਤਨਾ ਜਾਂ ਵਰਤਨਾ ਹੈ। ਜੋ ਖੁਦ ਵੀਤ ਰਿਹਾ ਹੈ ਅਤੇ ਸਮੇਂ ਨਾਲ, ਬਦਲਣ ਵਾਲੇ ਜੀਵ ਅਤੇ ਅਜੀਵ ਦਰਵਾਂ ਦਾ ਬੀਤਣ ਵਿਚ ਸਹਾਇਕ ਬਣਦਾ ਹੈ ਉਹ ਕਾਲ ਹੈ।

ਇਸ ਸੰਸਾਰ ਵਿਚ ਅਜੀਵ ਪੁਦਗਲ ਆਦਿ ਪਦਾਰਥ ਆਪਣੇ ਆਪ ਬਦਲਦੇ ਹਨ। ਉਨ੍ਹਾਂ ਦੇ ਨਵੇਂ ਪੁਰਾਣੇ ਰੂਪ ਵਿਚ ਕਾਲ ਸਹਾਇਕ ਬਣਦਾ ਹੈ। ਜਿਵੇਂ ਘੁਮਾਰ ਦੇ ਚੱਕੇ ਵਿਚ ਘੁਮਣ ਦੀ ਸ਼ਕਤੀ ਮੌਜੂਦ ਹੈ ਪਰ ਕਿਲ ਦੀ ਸਹਾਇਤਾ ਬਿਨਾਂ ਇਹ ਘੁੰਮ ਨਹੀਂ ਸਕਦਾ। ਇਸੇ ਪ੍ਰਕਾਰ ਸੰਸਾਰ ਦੇ ਸਾਰੇ ਪਦਾਰਥ ਕਾਲ ਦੀ ਮਦਦ ਬਿਨਾਂ ਘੁਮ ਨਹੀਂ ਸਕਦੇ। ਇਸੇ ਪ੍ਰਕਾਰ ਕਾਲ ਦੀ ਸਹਾਇਤਾ ਸੰਸਾਰ ਦੇ ਸਾਰੇ ਪਦਾਰਥਾਂ ਨਾਂ ਤਾ ਪਰਿਵਰਤਨ ਹੁੰਦੇ ਹਨ ਅਤੇ ਨਾ ਹੀ ਇਕ ਦਰਵ ਦਾ ਦੂਸਰੇ ਦਰੱਵ ਵਿਚ ਪਰਿਵਰਤਨ ਹੁੰਦਾ ਹੈ। ਇਸ

ਪ੍ਰਕਾਰ ਕਾਲ ਪਦਾਰਥ ਦੀ ਨਵੀਨਤਾ ਅਤੇ ਪ੍ਰਾਚੀਨਤਾ ਵਿਚ ਸਹਾਇਕ ਬਣਦਾ ਹੈ।

ਜਿਆਦਾ ਜਾਂ ਘਟ ਉਮਰ, ਜਵਾਨੀ, ਬੁਢਾਪਾ, ਨਵਾਂ, ਪੁਰਾਣਾ. ਸਵੇਰ, ਦੁਪਹਿਰ, ਸ਼ਾਮ ਅਤੇ ਰਾਤ ਛੋਟਾ, ਬੜਾਂ ਆਦਿ ਸਭ ਵਿਚ ਕਾਲ ਦਾ ਬਹੁਤ ਮਹੱਤਵਪੂਰਣ ਹੱਥ ਹੈ।

## ਜੀਵ

ਉਪਯੋਗ (ਮਤੀ ਗਿਆਨ ਆਦਿ) ਜੀਵ ਦਾ ਲਛਣ ਹੈ। ਦੂਸਰੇ ਸ਼ਬਦਾਂ ਵਿਚ ਜਿਸ ਵਿਚ ਚੇਤਨ ਸ਼ਕਤੀ ਹੋਵੇ ਉਹ ਜੀਵ ਹੈ। ਅਸੰਖ ਪ੍ਰਦੇਸ਼ਾਂ ਪੁਦਗਲ ਦੇ ਸਮੂੰਹ ਨੂੰ ਜੀਵ ਆਸਤੀ ਕਾਇਆ ਆਖਦੇ ਹਨ। ਗਿਆਨ, ਦਰਸ਼ਨ, ਚਾਰਿਤਰ, ਵੀਰਜ ਜੀਵ ਦੇ ਸੁਭਾਵਕ ਗੁਣ ਹਨ।

ਅਜੀਵ ਵਿਚ ਚੇਤਨ ਸ਼ਕਤੀ ਨਹੀਂ ਹੁੰਦੀ। ਜਿਵੇਂ ਕੜਛੀ ਜਿਨੇ ਮਰਜੀ ਸੁਆਦੀ ਪਦਾਰਥਾਂ ਵਿਚ ਫੇਰ ਦਿਤੀ ਜਾਵੇ, ਪਰ ਕੜਛੀ ਪਦਾਰਥ ਦੇ ਸੁਆਦ ਦਾ ਆਨੰਦ ਨਹੀਂ ਮਾਣ ਸਕਦੀ। ਉਸੇ ਪ੍ਰਕਾਰ ਅਜੀਵ ਜੜ ਹੋਣ ਕਾਰਣ ਸੁਖ, ਦੁਖ, ਗਿਆਨ ਤੇ ਵਿਚਾਰ ਤੋਂ ਰਹਿਤ ਹੈ।

ਜੀਵ ਦਰਵ, ਪੁਦੱਗਲ ਦਰਵ ਤੋਂ ਵੱਖ ਇਕ ਦਰਵ ਹੈ। ਜਿਸ ਵਿਚ ਰੂਪ, ਰਸ, ਗੰਧ ਜਾਂ ਸ਼ਬਦ ਨਹੀਂ ਹੈ ਜਿਸ ਕਾਰਣ ਬਿਆਨ ਨਹੀਂ ਕੀਤਾ ਜਾ ਸਕਦਾ ਕੋਈ ਸ਼ਰੀਰਕ ਨਿਸ਼ਾਨੀ ਜਾਂ ਅਕਾਰ ਵੀ ਇਸ ਦਰੱਵ ਦੀ ਵਿਆਖਿਆ ਨਹੀਂ ਕਰ ਸਕਦੇ। ਇਸ ਚੇਤੰਨ ਦਰੱਵ ਨੂੰ ਜੀਵ ਜਾਂ ਆਤਮਾ ਆਖਦੇ ਹਨ।

ਲਛਣ ਦੋ ਪ੍ਰਕਾਰ ਦੇ ਹਨ : (1) ਆਤਮਭੂਤ (2) ਅਨਾਤਮ ਰਹਿਤ। ਜਿਸ ਵਿਚ ਗਿਆਨ, ਦਰਸ਼ਨ, ਚਾਰਿੱਤਰ, ਤੱਪ, ਵੀਰਜ (ਆਤਮੀਕ ਸ਼ਕਤੀ) ਅਤੇ ਉਪਯੋਗ ਹੋਵੇ, ਇਨ੍ਹਾ ਲਛਣਾ ਨੂੰ ਆਤਮ ਭੂਤ ਆਖਦੇ ਹਨ। ਜੋ ਇਸ ਤੋਂ ਉਲਟ ਹੈ ਉਹ ਅਨਾਤਮ ਰੂਪ ਹੈ।

ਜੀਵ ਦਾ ਆਤਮਾ ਤੋਂ ਰਹਿਤ ਸਵਰੂਪ ਇਸ ਪ੍ਰਕਾਰ ਹੈ। (1) ਪੰਜ ਇੰਦਰੀਆ (2) ਤਿੰਨ ਬੱਲ (ਮਨ) ਵਚਨ ਤੇ ਸਰੀਰ (9) ਉਮਰ (10) ਸਵਾਸ਼ੋ ਸਵਾਸ਼ (ਸਾਹ)

## ਪੁਦਗਲ

ਜੋ ਦਰਵ ਇਕੱਠਾ ਹੋਵੇ ਅਤੇ ਅੱਡ ਹੋਵੇ, ਟੁਟੇ ਅਤੇ ਫੇਰ ਜੁੜੇ ਅਤੇ ਵਿਖਰ ਜਾਵੇ ਬਣੇ ਅਤੇ ਬਿਗੜੇ ਇਸ ਨੂੰ ਪੁਦਗਲ ਆਖਦੇ ਹਨ।

## ਪੁਦਗਲ ਦੀ ਪਰੀਆਏ

ਪੁਦਗਲ ਵਿਚ ਵਰਨ, ਗੰਧ, ਰਸ ਅਤੇ ਸਪਰਸ਼ ਹੁੰਦਾ ਹੈ ਜੋ ਮੂਰਤ (ਸ਼ਕਲ) ਵਾਲਾ ਦਰਵਾਂ ਹੈ, ਉਹ ਪੁਦਗਲ ਹੈ ਅਤੇ ਉਸ ਦੇ ਪ੍ਰਦੇਸ਼ਾਂ ਨੂੰ ਪੁਦਗਲ ਆਸਤੀਕਾਈਆਂ ਆਖਦੇ ਹਨ। ਸ਼ਬਦ, ਅੰਧਕਾਰ, ਉਦੋਤ (ਚਾਂਨਣ) ਪ੍ਰਭਾ, ਛਾਂ, ਧੁੱਪ, ਵਰਨ, ਗੱਧ, ਰਸ ਅਤੇ ਸਪਰਸ਼ ਪੁਦਗਲ ਦੇ ਲਛਣ ਹਨ।